
# ਸਾਂਝੀ ਵਿਰਾਸਤ

ਜਿਲਦ 1 ਅੰਕ 2 | 2022 | ਫੱਗਣ (ਫਰਵਰੀ)



## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of

the Panjabi Language, Culture and Heritage

www.sanjhivirasat.org

# ਇਸ ਅੰਕ ਵਿਚ

## (ਤਤਕਰਾ)


| | | | |
|---|---|---|---|
| 1. | ਤਤਕਰਾ | | |
| 2. | ਸੰਪਾਦਕੀ ਮੰਡਲ | | |
| 3. | "ਸਾਂਝੀ ਵਿਰਾਸਤ" ਬਾਰੇ | ਮੁਖ ਸੰਪਾਦਕ | 1 |
| 4. | ਫੱਗਣ ਦਾ ਵਿਚਾਰ | ਪ੍ਰੋਫ਼ੈਸਰ ਮਨਿੰਦਰ ਸਿੰਘ | 2 |
| 5. | ਸ਼ਰਧਾਂਜਲੀ - ਬਾਬਾ ਇਕਬਾਲ ਸਿੰਘ ਜੀ | ਡਾ. ਸੁਰਜੀਤ ਸਿੰਘ ਭੱਟੀ | 4 |
| 6. | ਘੋੜੀ ਸਾਹਿਬਜ਼ਾਦਿਆਂ ਦੀ | ਗੁਰਦੀਸ਼ ਕੌਰ ਗਰੇਵਾਲ | 5 |
| 7. | ਸ਼ਬਦ ਗੁਰੂ - ਇਕ ਸ਼ਕਤੀਸ਼ਾਲੀ ਸੰਸਥਾ | ਅੰਮ੍ਰਿਤ ਪਾਲ ਕੌਰ | 6 |
| 8. | ਗੁਰੂ ਸਾਹਿਬ ਦੇ 52 ਹੁਕਮ | | 7 |
| 9. | ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥ | ਡਾ. ਬਲਦੇਵ ਸਿੰਘ | 8 |
| 10. | ੧ਓ | ਦਾਸੀ ਦਵਿੰਦਰ ਕੌਰ | 10 |
| 11. | ਵਿਛੋੜਾ | ਡਾ. ਬਲਦੇਵ ਸਿੰਘ ਖਹਿਰਾ | 11 |
| 12. | ਚਾਨਣ ਦਾ ਫੁੱਲ | ਡਾ. ਗੁਰਮਿੰਦਰ ਕੌਰ ਸਿੱਧੂ | 12 |
| 13. | ਬੇਗਮ ਪੁਰਾ ਸਹਰ ਕੋ ਨਾਉ॥ | ਗੁਰਦੀਸ਼ ਕੌਰ ਗਰੇਵਾਲ | 13 |
| 14. | ਜਿੱਤ ਜਾਂ ਫਤਿਹ ? | ਸੁਰਜੀਤ ਸਿੰਘ ਵਿਰਕ | 15 |
| 15. | ਧੁਰ ਅੰਦਰੋਂ | ਡਾ. ਧਰਮਿੰਦਰ ਸਿੰਘ ਊੱਭਾ | 16 |
| 16. | ਗੁਰਬਾਣੀ ਤੋਂ ਉਪਦੇਸ਼ | ਬ੍ਰਿਜਮਿੰਦਰ ਕੌਰ | 17 |
| 17. | ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ | ਨਰਿੰਦਰ ਕੌਰ | 18 |
| 18. | ਫਾਇਦਾ | ਰਿਪਨਜੋਤ ਕੌਰ ਸੋਨੀ ਬੱਗਾ | 19 |
| 19. | ਪੰਜਾਬੀ ਭਾਸ਼ਾ ਦੀ ਬਣਤਰ | ਡਾ. ਸੁਰਜੀਤ ਸਿੰਘ ਭੱਟੀ | 20 |
| 20. | ਆਪਣੀ ਪ੍ਰਤਿਭਾ ਦੀ ਵਰਤੋਂ ਸਾਵਧਾਨੀ ਨਾਲ ਕਰੋ | ਵਿਨੀਤ ਸਿੰਘ | 21 |
| | ਇਕਸਾਰਤਾ ਲਈ ਜ਼ਰੂਰੀ ਗੱਲਾਂ | | |

## ਸੰਪਾਦਕੀ ਮੰਡਲ

## Editorial Board


1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸ. ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸ. ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ — ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ — ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)


### ਸਲਾਹਕਾਰ:


1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ੍ਰੀ ਰਿਸ਼ੀ ਨਾਗਰ — ਕੈਲਗਰੀ (ਕੈਨੇਡਾ)
6. ਸ. ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

# "ਸਾਂਝੀ ਵਿਰਾਸਤ" ਬਾਰੇ

ਲਗਭਗ ਦੋ ਸਾਲ ਪਹਿਲੇ ਜਦ ਮਹਾਂਮਾਰੀ ਕਰ ਕੇ ਘਰੋਂ ਬਾਹਰ ਜਾਣਾ ਮੁਸ਼ਕਿਲ ਹੋ ਗਿਆ, ਕੈਲਗਰੀ ਤੋਂ ਡਾ. ਰਾਜਾ ਬਲਰਾਜ ਸਿੰਘ ਨੇ ਜ਼ੂਮ ਰਾਹੀਂ ਸੰਗਤ ਦੇ ਸਹਿਯੋਗ ਨਾਲ ***ਗੁਰਬਾਣੀ ਪਾਠ*** ਕਰਨ ਦਾ ਉਪਰਾਲਾ ਕੀਤਾ। ਪ੍ਰੋਫ਼ੈਸਰ ਮਨਿੰਦਰ ਸਿੰਘ ਨੇ ਐਡਮਿੰਟਨ ਤੋਂ ਵਿਆਖਿਆ, ਬੱਚਿਆਂ ਨੇ ***ਸ਼ਬਦ ਕੀਰਤਨ*** ਅਤੇ ਵੱਖੋ ਵੱਖ ਮਜ਼ਮੂਨਾਂ ਤੇ ਸੰਗਤ ਵਿਚੋਂ ਜਾਂ ਬਾਹਰੋਂ ਸੱਦੇ ਬੁਲਾਰਿਆਂ ਨੇ ***ਵਿਚਾਰ*** ਸ਼ੁਰੂ ਕੀਤੇ। ਗੁਰਦੀਸ਼ ਕੌਰ ਗਰੇਵਾਲ ਅਤੇ ਸ. ਜਗਬੀਰ ਸਿੰਘ ਦੇ ਉੱਦਮ ਨਾਲ ***ਕਵੀ ਦਰਬਾਰਾਂ*** ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ। ਇਨ੍ਹਾ ਵਿਚ ਅਮਰੀਕਾ, ਭਾਰਤ ਅਤੇ ਕੈਨੇਡਾ ਤੋਂ ਉਘੇ ਕਵੀ ਹਿੱਸਾ ਲੈ ਰਹੇ ਹਨ।

ਹੌਲੀ ਹੌਲੀ ਕੈਨੇਡਾ ਤੋਂ ਇਲਾਵਾ ਕਈ ਹੋਰ ਮੁਲਕਾਂ ਤੋਂ ਵੀ ਸੰਗਤ ਜੁੜਦੀ ਗਈ।ਸਭ ਧਰਮਾਂ ਦੇ ਲੱਖਾਂ ਲੋਕਾਂ ਦੀ ਪੰਜਾਬੀ ਮਾਂ ਬੋਲੀ ਹੈ। ਇਹ ਸਾਡੀ ਸਾਂਝੀ ਵਿਰਾਸਤ ਹੈ। ਸਾਡਾ ਮੰਤਵ ਸੰਗਤ, ਖਾਸ ਤੌਰ ਤੇ ਭਾਰਤ ਤੋਂ ਬਾਹਰ ਵੱਸਦੇ ਲੋਕਾਂ, ਨਾਲ ਪੰਜਾਬੀ ਭਾਸ਼ਾ, ਗੁਰਬਾਣੀ ਵਿਚਾਰ, ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਬਾਰੇ ਜਾਣਕਾਰੀ ਸਾਂਝੀ ਕਰਨਾ ਹੈ। ਅਸੀਂ ਚਾਹੁੰਦੇ ਹਾਂ ਕਿ ਪਾਠਕ ਪੰਜਾਬੀ ਬੋਲਣ, ਪੜ੍ਹਨ ਅਤੇ ਲਿਖਣ ਵਿਚ ਮਾਣ ਮਹਿਸੂਸ ਕਰਨ।ਇਨ੍ਹਾਂ (ਈ-ਦੀਵਾਨ) ਪ੍ਰੋਗਰਾਮਾਂ ਦੀਆਂ ਵੀਡੀਓ ਯੂ-ਟਿਊਬ ਉਤੇ (***ਸੰਗਤੀ ਵਿਚਾਰ*** ) ਰਾਹੀਂ ਵੇਖੀਆਂ ਜਾ ਸਕਦੀਆਂ ਹਨ।

"ਸਾਂਝੀ ਵਿਰਾਸਤ" ਇਨ੍ਹਾਂ ਲੈਕਚਰਾਂ ਉਤੇ ਅਧਾਰਿਤ ਇਕ ਮਾਸਿਕ ਮੈਗਜ਼ੀਨ ਹੈ। ਪਰ ਇਸ ਵਿਚ ਹੋਰ ਵੀ ਉਘੇ ਲੇਖਕਾਂ ਅਤੇ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ ਅਤੇ ਬੱਚਿਆਂ ਨੂੰ ਖਾਸ ਤੌਰ ਤੇ ਹਿੱਸਾ ਲੈਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਮੈਗਜ਼ੀਨ ਵਿਚ ਰਚਨਾਵਾਂ ਭੇਜਣ, ਮੈਗਜ਼ੀਨ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਤੇ ਇਸ ਦੇ ਹਰ ਮਹੀਨੇ ਦੇ ਅੰਕ ਦੇਖਣ ਲਈ ਵੈਬਸਾਈਟ ਬਣਾਇਆ ਹੈ (sanjhivirasat.org). ਇਸ ਦੇ ਤਕਨੀਕੀ ਸਹਿਯੋਗ ਲਈ ਡਾ. ਬਲਦੇਵ ਸਿੰਘ, ਡਾ. ਕਾਬਲ ਸਿੰਘ ਅਤੇ ਡਾ. ਰਾਜਬੀਰ ਸਿੰਘ ਭੱਟੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਸੰਪਾਦਕੀ ਮੰਡਲ ਵਲੋਂ ਪਾਠਕਾਂ, ਲੇਖਕਾਂ ਅਤੇ ਸੰਗਤ ਦਾ ਧੰਨਵਾਦ।

**ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ**

**(ਕੈਨੇਡਾ)**



## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਨਾਨਕ ਸ਼ਾਹੀ ਕੈਲੰਡਰ ਅਨੁਸਾਰ
ਫ਼ਗਣ ਦਾ ਮਹੀਨਾ 12 ਫਰਵਰੀ 2022 ਤੋਂ ਸ਼ੁਰੂ ਹੁੰਦਾ ਹੈ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥


ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥ {ਪੰਨਾ 136}

ਫ਼ੱਗਣ ਦਾ ਮਹੀਨਾ ਬਿਕ੍ਰਮੀ ਸੰਮਤ ਦਾ ਆਖ਼ਰੀ ਮਹੀਨਾ ਹੈ। ਭਾਰਤੀ ਵਿਦਵਾਨਾਂ ਅਨੁਸਾਰ ਸਾਲ ਦੀਆ ਛੇ ਰੁਤਾਂ ਵਿਚੋਂ ਇਹ ਆਖ਼ਰੀ ਰੁਤ ਵਿਚ ਆਉਂਦਾ ਹੈ । ਇਸ ਰੁਤ ਵਿਚ ਪਾਲਾ ਘਟਣ ਲਗਦਾ ਹੈ ਤੇ ਮੌਸਮ ਸੁਖਾਵਾਂ ਹੋ ਜਾਂਦਾ ਹੈ। ਸਾਲ ਦੀ ਸਭ ਤੋਂ ਸੁਖਾਂਵੀ ਰੁੱਤ ਬਸੰਤ ਵੀ ਇਸੇ ਸਮੇਂ ਮਾਘ ਸੁਦੀ 1 ਨੂੰ ਸ਼ੁਰੂ ਹੋ ਜਾਂਦੀ ਹੈ। ਇਸਨੂੰ ਸਤਿਗੁਰਾਂ ਹਰਿ ਸੱਜਣ ਦੇ ਮਿਲਾਪ ਦੁਆਰਾ ਅਨੰਦ ਦੀ ਅਵਸਥਾ ਦੇ ਪ੍ਰਗਟ ਹੋਣ ਦਾ ਅਵਸਰ ਕਿਹਾ ਹੈ। ਇਹ ਅਵਸਥਾ ਪੂਰਨ ਆਤਮਿਕ ਵਿਕਾਸ ਦੀ ਅਵਸਥਾ ਹੈ ਜੋ ਸਤਿਗੁਰਾਂ ਦੀ ਸਹਾਇਤਾ ਤੇ ਕਿਰਪਾ ਦੁਆਰਾ ਪ੍ਰਾਪਤ ਹੁੰਦੀ ਹੈ। ਜੀਵ ਰੂਪ ਇਸਤਰੀ ਦੀ ਮਿਲਾਪ ਦੀ ਇਛਿਆ ਪੂਰੀ ਹੁੰਦੀ ਹੈ ਤੇ ਉਸਨੂੰ ਵੱਡੇ ਭਾਗਾਂ ਨਾਲ ਆਪਣੇ ਹਿਰਦੇ ਦੀ ਸੇਜ ਉਪਰ ਹਰਿ ਰੂਪੀ ਵਰ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਆਤਮਿਕ ਮਿਲਾਪ ਦੀ ਖ਼ੁਸ਼ੀ ਵਿਚ ਸਤਿਸੰਗੀ ਪ੍ਰਭੂ ਦੀ ਉਸਤਤਿ ਦੇ ਮੰਗਲਮਈ ਗੀਤ ਗੁਰਬਾਣੀ ਦਾ ਗਾਯਨ ਕਰਦੇ ਹਨ। ਉਸ ਪਰਮੇਸ਼ਰ ਦੇ ਮਿਲਾਪ ਨਾਲ ਉਸ ਵਰਗਾ ਸਮਰੱਥ ਹੋਰ ਕੋਈ ਨਹੀ ਦਿਸਦਾ, ਬਲਕਿ ਨੇੜੇ ਤੇੜੇ ਵੀ ਨਹੀਂ ਲਗਦਾ। ਉਸ ਪ੍ਰਭੂ ਨੇ ਲੋਕ ਤੇ ਪਰਲੋਕ ਦੋਹਾਂ ਨੂੰ ਸਵਾਰ ਕੇ ਜੀਵ ਨੂੰ ਅਟੱਲ ਪਦਵੀ ਬਖ਼ਸ਼ ਦਿੱਤੀ। ਇਸਨੂੰ ਸੰਸਾਰ ਭਵਸਾਗਰ ਤੋਂ ਬਚਾ ਲਿਆ ਤੇ ਜਨਮ ਮਰਣ ਦੇ ਗੇੜ ਵਿਚੋਂ ਕੱਢ ਲਿਆ। ਅਸੀਂ ਆਪਣੀ ਜ਼ੁਬਾਨ ਨਾਲ ਪ੍ਰਭੂ ਦੇ ਅਨੇਕ ਗੁਣਾਂ ਦਾ ਵਖਾਨ ਤਾਂ ਨਹੀਂ ਕਰ ਸਕਦੇ ਪਰੰਤੂ ਉਸਦੀ ਸ਼ਰਣੀ ਪੈਕੇ ਸੰਸਾਰ ਸਾਗਰ ਨੂੰ ਤਰਿਆ ਜਾ ਸਕਦਾ ਹੈ। ਫ਼ੱਗਣ ਰੂਪੀ ਇਸ ਜੀਵਨ ਕਾਲ ਵਿਚ ਨਿਤਾ ਪ੍ਰਤੀ ਉਸ ਪਰਮੇਸ਼ਰ ਦੀ ਸਿਫ਼ਤ ਸਾਲਾਹ ਕਰਨੀ ਚਾਹੀਦੀ ਹੈ ਜਿਸਨੂੰ ਆਪਣੇ ਲਈ ਤਿਲ ਮਾਤਰ ਵੀ ਕੋਈ ਗ਼ਰਜ਼ ਨਹੀਂ ਹੈ।



**ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ** (ਕੈਨੇਡਾ)

# ਸ਼ਰਧਾਂਜਲੀ – ਬਾਬਾ ਇਕਬਾਲ ਸਿੰਘ ਜੀ (1926 - 2022)
## ਸਾਬਕਾ ਡਾਇਰੈਕਟਰ (ਖੇਤੀ ਵਿਭਾਗ), ਹਿਮਾਚਲ

**ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)**

ਗੁਰਦਾਸਪੁਰ (ਪੰਜਾਬ) ਵਿੱਚ ਜਨਮੇ, ਬਾਬਾ ਜੀ ਨੇ ਆਪਣਾ ਸਾਰਾ ਜੀਵਨ ਵਿਗਿਆਨਕ ਅਤੇ ਅਧਿਆਤਮਕ ਸਿੱਖਿਆ ਦੇ ਪ੍ਰਸਾਰ ਲਈ ਨਿਰਸਵਾਰਥ ਸਮਾਜ ਸੇਵਾ ਕੀਤੀ। ਤਿੰਨ ਯੂਨੀਵਰਸਿਟੀਆਂ (ਭਾਰਤ ਵਿੱਚ ਦੋ ਅਤੇ ਇੱਕ ਵਾਸ਼ਿੰਗਟਨ, ਅਮਰੀਕਾ ਵਿੱਚ) ਦੀ ਸਥਾਪਨਾ ਕੀਤੀ ਅਤੇ ਬਹੁਤ ਵੱਡੀ ਗਿਣਤੀ ਵਿੱਚ ਵਿਦਿਅਕ ਅਤੇ ਪਰਉਪਕਾਰੀ ਸੰਸਥਾਵਾਂ ਦੀ ਸਥਾਪਨਾ ਕੀਤੀ। ਭਗਤਾਂ ਧਰੂਵ ਅਤੇ ਪ੍ਰਹਿਲਾਦ ਦੀ ਸ਼ਰਧਾ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੇ ਉਨ੍ਹਾਂ ਦੇ ਜੀਵਨ 'ਤੇ ਸਭ ਤੋਂ ਵਧ ਪ੍ਰਭਾਵ ਪਾਇਆ। ਸੰਤ ਅਤਰ ਸਿੰਘ ਜੀ (1866-1927) ਅਤੇ ਸੰਤ ਤੇਜਾ ਸਿੰਘ ਜੀ (1877-1965), ਐਮ.ਏ., ਐਲ.ਐਲ.ਬੀ., ਏ.ਐਮ. (ਹਾਰਵਰਡ), ਟ੍ਰਿਪੋਸ ਕੈਂਬਰਿਜ (ਜਿਨਾਂ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਕੈਨੇਡਾ, ਅਮਰੀਕਾ, ਯੂ.ਕੇ., ਜਰਮਨੀ ਅਤੇ ਹੋਰ ਦੇਸ਼ਾਂ ਦਾ ਦੌਰਾ ਕੀਤਾ) ਉਨਾਂ ਦੇ ਮਾਰਗਦਰਸ਼ਕ ਅਤੇ ਸਲਾਹਕਾਰ ਬਣੇ।

**ਵਿੱਦਿਅਕ ਪਹਿਲਕਦਮੀਆਂ ਵਿਚ** ਬੜੂ ਸਾਹਿਬ ਵਿਖੇ ਉਨਾਂ ਪਹਿਲੀ ਅਕਾਲ ਅਕੈਡਮੀ ਬਣਾਈ ਜੋ ਅੱਜ ਇੱਕ ਮਸ਼ਹੂਰ ਅੰਗਰੇਜ਼ੀ-ਮਾਧਿਅਮ ਸਕੂਲ ਹੈ ਜਿਥੇ ਇੰਟਰਨੈਸ਼ਨਲ ਬੈਕਲੋਰੀਏਟ ਅਤੇ ਸਕਾਲਸਟਿਕ ਐਪਟੀਟਿਊਡ ਟੈਸਟ ਪ੍ਰੋਗਰਾਮ ਚਲ ਰਹੇ ਹਨ। ਉਨਾਂ 2006 ਵਿੱਚ ਅਕਾਲ ਇੰਜੀਨੀਅਰਿੰਗ ਕਾਲਜ, 2008 ਵਿੱਚ ਬੜੂ ਸਾਹਿਬ ਵਿੱਚ ਈਟਰਨਲ ਯੂਨੀਵਰਸਿਟੀ (ਲੜਕੀਆਂ ਲਈ) ਅਤ 2015 ਵਿਚ ਅਕਾਲ ਯੂਨੀਵਰਸਿਟੀ (ਗੁਰੂ ਕੀ ਕਾਸ਼ੀ) ਦੀ ਤਲਵੰਡੀ ਸਾਬੋ, ਬਠਿੰਡਾ ਵਿਖੇ ਸਥਾਪਨਾ ਕੀਤੀ। ਸਿੱਖ ਸਿਧਾਂਤ (2001), ਸਿੱਖ ਫੇਥ (2014), ਸੰਤ ਤੇਜਾ ਸਿੰਘ ਜੀ ਨੂੰ ਸ਼ਰਧਾਂਜਲੀ (2015), ਟਰਬਨ-ਪ੍ਰਾਈਡ ਐਂਡ ਆਨਰ ਆਫ਼ ਇੰਡੀਆ (2008), ਸਿੱਖ ਫੇਥ-ਐਨ ਏਪੀਟੋਮ ਆਫ਼ ਇੰਟਰ ਫੇਥ (2020) ਸਮੇਤ ਬਹੁਤ ਸਾਰੀਆਂ ਕਿਤਾਬਾਂ ਉਨਾਂ ਦੀ ਦੇਨ ਹਨ। ਉਨਾਂ ਦੀ ਜੀਵਨੀ (ਬੇਨੇਡਿਕਟ ਪਰਮਾਨੰਦ ਦੁਆਰਾ ਲਿਖੀ) ਭਾਰਤ ਦੇ



ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੁਆਰਾ 2017 ਵਿੱਚ ਜਾਰੀ ਕੀਤੀ ਗਈ। ਡਾ: ਖੇਮ ਸਿੰਘ ਗਿੱਲ (1930-2019), ਡਾ. ਦਵਿੰਦਰ ਸਿੰਘ ਅਤੇ ਡਾ. ਨੀਲਮ ਕੌਰ ਦੀ ਮਦਦ ਨਾਲ 70,000 ਪੇਂਡੂ ਵਿਦਿਆਰਥੀਆਂ ਲਈ 130 ਅਕਾਲ ਅਕੈਡਮੀਆਂ ਪੰਜਾਬ, ਹਰਿਆਣਾ, ਯੂਪੀ ਅਤੇ ਰਾਜਸਥਾਨ ਵਿੱਚ ਸਥਾਪਿਤ ਕੀਤੀਆਂ ਜਿਥੇ ਲਗਭਗ 25% ਵਿਦਿਆਰਥੀ ਸਮਾਰਟ ਕਲਾਸਾਂ ਵਿੱਚ ਮੁਫਤ ਸਿੱਖਿਆ ਪ੍ਰਾਪਤ ਕਰਦੇ ਹਨ। 2500 ਤੋਂ ਵੱਧ ਪੇਂਡੂ ਲੜਕੀਆਂ ਨੂੰ ਅਕਾਲ ਅਕੈਡਮੀਆਂ ਵਿੱਚ ਮੁਫਤ ਅਧਿਆਪਕ ਸਿਖਲਾਈ ਅਤੇ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ।

**ਬਾਬਾ ਜੀ ਨੇ ਨਿਸ਼ਕਾਮ ਸਮਾਜ ਸੇਵਾ** ਕਰਦਿਆਂ 2005 ਵਿੱਚ ਕਸ਼ਮੀਰ ਵਿਚ ਆਏ ਭੂਚਾਲ ਦੌਰਾਨ ਮੁੜ ਵਸੇਬੇ ਦਾ ਕੰਮ ਕੀਤਾ ਅਤੇ ਗਰੀਬ ਵਿਦਿਆਰਥੀਆਂ ਨੂੰ ਉੱਚੀ ਪੜ੍ਹਾਈ ਲਈ ਵਜ਼ੀਫੇ ਦਿਤੇ। ਵਿਦਿਆਰਥੀਆਂ ਨੂੰ ਮੂਲ 31 ਰਾਗਾਂ ਵਿੱਚ ਵਿੱਚ ਸਾਰੀਆਂ ਬਾਣੀਆਂ ਦਾ ਪਾਠ ਕਰਨ ਦੀ ਸਿਖਲਾਈ ਦਿੱਤੀ, ਅਤੇ ਸਿੱਖ ਖਿਡਾਰੀਆਂ 'ਤੇ ਲਗਾਈ ਗਈ ਦਸਤਾਰ ਦੀ ਪਾਬੰਦੀ ਵਿਰੁੱਧ ਵੀ ਸਫਲ ਸੰਘਰਸ਼ ਵਿੱਢਿਆ। ਗਰੀਬ ਬਜ਼ੁਰਗਾਂ ਲਈ ਬਹੁਤ ਸਾਰੇ ਬਿਰਧ ਘਰ, ਬੇਸਹਾਰਾ ਬੱਚਿਆਂ ਲਈ ਅਨਾਥ ਆਸ਼ਰਮ, ਵਿਧਵਾਵਾਂ ਦੇ ਮੁੜ ਵਸੇਬੇ ਅਤੇ ਸਿਖਲਾਈ ਲਈ ਕੇਂਦਰ ਅਤੇ ਮਾਹਿਰ ਡਾਕਟਰਾਂ ਦੀ ਦੇਖਭਾਲ ਵਿੱਚ ਨਸ਼ਾ ਛੁਡਾਊ ਕੇਂਦਰ ਬਣਾਏ। ਭਾਰਤ ਵਲੋਂ ਪਦਮ ਸ਼੍ਰੀ ਅਤੇ ਹੋਰ ਕਈ ਦੇਸਾਂ ਵਲੋਂ ਉਨਾਂ ਨੂੰ ਉਘੇ ਸਨਮਾਨ ਦਿਤੇ ਗਏ। ਇਸ ਸਦੀ ਦੇ ਉਹ ਮਹਾਨ ਸੰਤ ਅਤੇ ਲਾਸਾਨੀ ਵਿਦਿਆ ਪ੍ਰਸਾਰ ਦੇ ਮੋਢੀ ਸਨ।

ਸ਼ਹਾਦਤਾਂ ਨੂੰ ਸਮਰਪਿਤ–

## ਘੋੜੀ ਸਾਹਿਬਜ਼ਾਦਿਆਂ ਦੀ (ਗੀਤ)

**ਗੁਰਦੀਸ਼ ਕੌਰ ਗਰੇਵਾਲ– ਕੈਲਗਰੀ**
ਵਟਸਐਪ: +91 98728 60488



ਗਾਈਏ ਦਸ਼ਮੇਸ਼ ਦਿਆਂ, ਲਾਲਾਂ ਦੀਆਂ ਘੋੜੀਆਂ।
ਜੋੜੀ ਜੋੜੀ ਕਰ ਜੀਹਨੇ, ਤੋਰੀਆਂ ਸੀ ਜੋੜੀਆਂ


ਪਹਿਲੀ ਜੰਞ ਚੜ੍ਹੀ, ਚਮਕੌਰ ਵਾਲੀ ਗੜ੍ਹੀ ਏ।
ਲਾਲੀ ਦੋਹਾਂ ਲਾਲਾਂ ਦਿਆਂ, ਮੁੱਖਾਂ ਉੱਤੇ ਚੜ੍ਹੀ ਏ।
ਮੌਤ ਲਾੜੀ ਸਾਹਮਣੇ ਹੈ, ਚੜ੍ਹੀ ਆਉਂਦੀ ਪੌੜੀਆਂ
ਗਾਈਏ...
ਖ਼ੂਨ ਵਾਲੀ ਮਹਿੰਦੀ ਅੱਜ, ਹੱਥਾਂ ਉੱਤੇ ਲਾਈ ਏ।
ਗੋਬਿੰਦ ਨੇ ਆਪ ਜੋੜੀ, ਲਾਲਾਂ ਦੀ ਸਜਾਈ ਏ।
ਸਜਦੀ ਏ ਕਲਗੀ, ਨਾ ਪਾਈਆਂ ਮੱਥੇ ਤਿਉੜੀਆਂ
ਗਾਈਏ...
ਦੂਜੀ ਜੰਞ ਚੜ੍ਹਨੀ ਹੈ, ਵਿੱਚ ਸਰਹੰਦ ਦੇ।
ਦਾਦੀ ਨੇ ਸਜਾਏ ਛੋਟੇ, ਲਾਲ ਫਰਜ਼ੰਦ ਦੇ।
ਗੰਗੂ ਏ ਵਿਚੋਲਾ, ਸੁੱਚਾ ਨੰਦ ਵੰਡੇ ਰਿਉੜੀਆਂ
ਗਾਈਏ...
'ਬੋਲੇ ਸੋ ਨਿਹਾਲ' ਦੇ, ਜੈਕਾਰੇ 'ਦੀਸ਼' ਗੱਜਦੇ।
ਇਹੋ ਜਿਹੇ ਵਿਆਹ ਨਿੱਤ, ਨਿੱਤ ਨਹੀਉਂ ਸਜਦੇ।
ਦਾਦੇ ਕੋਲ ਲੈਣ ਲਈ, ਅਸੀਸਾਂ ਅੱਜ ਬਹੁੜੀਆਂ
ਗਾਈਏ...

ਇਸੇ ਕਲਮ ਤੋਂ

1. ਹਰਫ਼ ਯਾਦਾਂ ਦੇ (ਕਾਵਿ ਸੰਗ੍ਰਹਿ)
2. ਸੋਚਾਂ ਦੇ ਸਿਰਨਾਵੇਂ (ਨਿਬੰਧ ਸੰਗ੍ਰਹਿ)
3. ਜਿਨੀ ਨਾਮੁ ਧਿਆਇਆ (ਧਾਰਮਿਕ ਕਾਵਿ)
4. ਮੋਹ ਦੀਆਂ ਤੰਦਾਂ (ਨਿਬੰਧ ਸੰਗ੍ਰਹਿ)
5. ਸਰਘੀ ਦਾ ਸੂਰਜ (ਕਾਵਿ ਸੰਗ੍ਰਹਿ)
6. ਸਾਹਾਂ ਦੀ ਸਰਗਮ (ਗ਼ਜ਼ਲ ਸੰਗ੍ਰਹਿ)
7. ਖ਼ੁਸ਼ੀਆਂ ਦੀ ਖ਼ੁਸ਼ਬੋਈ (ਨਿਬੰਧ ਸੰਗ੍ਰਹਿ)

# ਸ਼ਬਦ ਗੁਰੂ – ਇਕ ਸ਼ਕਤੀਸ਼ਾਲੀ ਸੰਸਥਾ

**ਅੰਮ੍ਰਿਤ ਪਾਲ ਕੌਰ ਜਲੰਧਰ (ਭਾਰਤ)**



ਸ਼ਬਦ ਗੁਰੂ ਦਾ ਸਿਧਾਂਤ ਸਿੱਖ ਜਗਿਆਸੂ ਦੇ ਜੀਵਨ ਦਾ ਧੁਰਾ ਹੈ। ਇਹ ਸਿਧਾਂਤ ਮਨੱਖ ਨੂੰ ਉਸ ਦੀ ਅਸਲੀਅਤ ਨਾਲ ਜੋੜੀ ਰੱਖਦਾ ਹੈ। ਉਸ ਨੂੰ ਮੌਲਿਕ ਨਕਸ਼ ਤੇ ਪਵਿੱਤਰ ਦਿਸ਼ਾ ਪ੍ਰਦਾਨ ਕਰਦਾ ਹੈ, ਤੇ ਉਸ ਵਿੱਚ ਨਿੱਤ ਨਵਾਂ ਜੀਵਨ ਧੜਕਾਉਂਦਾ ਰਹਿੰਦਾ ਹੈ। ਗੁਰ-ਸ਼ਬਦ ਸੁਰਤ ਦੀ ਜੜ੍ਹਹੀਣਤਾ (passivity) ਨੂੰ ਖ਼ਤਮ ਕਰ ਕੇ ਉਸ ਨੂੰ ਗਤੀਸ਼ੀਲਤਾ (dynamism) ਪ੍ਰਦਾਨ ਕਰਦਾ ਹੈ। ਸ਼ਬਦ ਦੀ ਕਰਾਮਾਤ ਉਸ ਵਿਚਲੇ ਆਲੀਸ਼ਾਨ ਅਮਲ ਦੀ ਦਾਤ ਕਾਰਨ ਹੈ। ਸ਼ਬਦ ਵਿਚਲੀ ਕਰਤਾਰੀ ਸ਼ਕਤੀ ਨੇ ਸਿੱਖ ਕੌਮ ਨੂੰ ਸ਼ਕਤੀਸ਼ਾਲੀ ਮਨੁੱਖਾਂ ਦੇ ਸੰਗਠਨ ਦਾ ਸਰੂਪ ਦਿੱਤਾ ਹੈ। ਇਸ ਨੂੰ ਗਤੀਸ਼ੀਲ ਜੀਵਨ-ਜਾਚ ਨਾਲ ਨਿਵਾਜਿਆ ਹੈ ਅਤੇ ਆਪਣੇ ਇਤਿਹਾਸਕ ਅਮਲ ਵਿੱਚ ਇਸ ਨੂੰ ਜੇਤੂ ਬਣਾਇਆ ਹੈ। ਸ਼ਬਦ ਸਿੱਖ ਕੌਮ ਦੀ ਨਿਰੰਤਰ ਰਚਨਾਤਮਿਕ ਸ਼ਕਤੀ ਤੇ ਸੁਰੱਖਿਅਤਾ ਦਾ ਸਦੀਵੀ ਸੋਮਾ ਹੈ। ਸਿੱਖਾਂ ਵਿੱਚ ਹਰ ਖੁਸ਼ੀ-ਗ਼ਮੀ ਸਮੇਂ ਗੁਰਬਾਣੀ ਪੜ੍ਹਣ-ਸੁਣਨ ਤੇ ਗਾਉਣ ਦਾ ਵਿਧੀ ਵਿਧਾਨ ਹੈ। ਇਸ ਤਰ੍ਹਾਂ ਗੁਰ-ਸ਼ਬਦ ਸਿੱਖ ਦੀ ਸਮੁੱਚੀ ਜ਼ਿੰਦਗੀ ਵਿੱਚ ਉਸ ਦੀ ਓਟ ਤੇ ਆਸਰਾ ਬਣਿਆ ਰਹਿੰਦਾ ਹੈ।

ਸ਼ਬਦ ਗੁਰੂ ਦੇ ਲੜ ਲੱਗਣ ਵਿੱਚ ਹੀ ਸਾਡਾ ਕਲਿਆਣ ਹੈ ਤੇ ਭਟਕਣਾ ਤੋਂ ਮੁਕਤੀ ਵੀ। ਗੁਰੂ ਗ੍ਰੰਥ ਸਾਹਿਬ ਵੱਲ ਪੂਰੀ ਨੇਕ-ਨੀਤੀ ਨਾਲ ਪਰਤਣ ਵਿੱਚ ਹੀ ਸਾਡਾ ਹਿੱਤ ਹੈ। ਇਹ ਅਜਿਹੇ ਬਹੁਮੁੱਲੇ ਪਰਵਚਨਾਂ ਦਾ ਖਜ਼ਾਨਾ ਹੈ, ਜਿਸ ਦੀ ਪ੍ਰਾਪਤੀ ਨਾਲ ਸਾਡੀ ਤ੍ਰਿਸ਼ਨਾ ਮੁੱਕ ਸਕਦੀ ਹੈ ਅਤੇ ਅਸੀਂ ਇੱਕ ਸੰਤੁਲਤ ਤੇ ਬਾਮਕਸਦ (purposeful) ਜੀਵਨ ਜੀਣ ਜੋਗੇ ਹੋ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਇੱਕ ਸੋਚੇ ਸਮਝੇ ਪ੍ਰੋਗਰਾਮ ਦਾ ਸਾਰਥਕ ਰੂਪ ਹੈ। ਸ਼ਬਦ-ਗੁਰੂ ਸਾਰੀ ਮਾਨਵਤਾ ਦਾ ਗੁਰੂ ਅਤੇ ਪੱਥ-ਪਰਦਰਸ਼ਕ ਹੈ, ਕੇਵਲ ਸਿੱਖਾਂ ਦਾ ਨਹੀਂ। ਇਸ ਦੀ ਸਿਰਜਨਾ ਵਿੱਚ ਵੱਖ-ਵੱਖ ਧਰਮਾਂ ਤੇ ਜਾਤਾਂ ਦੇ 35 ਮਹਾਂਪੁਰਸ਼ਾਂ ਦਾ ਜ਼ਿਕਰ ਹੈ। ਗੁਰੂ ਨਾਨਕ ਦੇਵ ਜੀ ਚਾਹੁੰਦੇ ਸਨ ਕਿ ਮਨੁੱਖਤਾ ਨੂੰ ਸ਼ਬਦ-ਗੁਰੂ ਦੇ ਹੀ ਲੜ ਲਗਾਇਆ ਜਾਵੇ ਜੋ ਕਾਮਲ ਗੁਰੂ ਹੈ। ਗੁਰਬਾਣੀ ਹੀ ਗੁਰੂ ਦਾ ਆਤਮਕ ਸਰੂਪ ਹੈ, ਸਾਡੀ ਸਿੱਖਿਆ-ਦਾਤਾ ਹੈ, ਜਿਸ ਵਿੱਚ ਸਰੀਰਕ ਹਸਤੀ ਲੁਪਤ ਰੂਪ ਵਿੱਚ ਬਿਰਾਜਮਾਨ ਹੈ।

**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇਂ ਲੇਹ।**

ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਆਪਣਾ ਗੁਰੂ ਦੱਸਿਆ ਹੈ, ਜੋ ਵਾਹਿਗੁਰੂ ਦੀ ਹਸਤੀ ਦੀ ਤਰਜਮਾਨੀ ਵਿੱਚ ਸਾਖਿਆਤ ਵਿਦਮਾਨ ਹੈ। ਸ਼ਬਦ ਦੇ ਰੂਪ ਵਿੱਚ ਹੀ ਗੁਰੂ ਨਾਨਕ ਸਾਹਿਬ ਲਈ ਗੁਰੂ ਦਾ ਰੋਲ ਖੁਦ ਅਕਾਲ ਪੁਰਖ ਨੇ ਨਿਭਾਇਆ ਹੈ, ਤਦੇ ਹੀ ਉਨ੍ਹਾਂ ਵਿੱਚ ਤੇ ਅਕਾਲ ਪੁਰਖ ਵਿੱਚ ਕੋਈ ਅੰਤਰ ਨਹੀਂ। ਗੁਰੂ ਸਾਹਿਬ ਦੀ ਇਹੀ ਜੋਤ ਸਾਰੇ ਗੁਰੂ ਸਾਹਿਬਾਨ ਵਿੱਚੋਂ ਵਿਚਰਦੀ ਆਖਿਰ ਗੁਰੂ ਗ੍ਰੰਥ ਸਾਹਿਬ ਵਿੱਚ ਵਿਲੀਨ ਹੋ ਗਈ ਹੈ। ਇਸ ਲਈ ਹੀ ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ ਸ਼ਬਦ ਸਰੂਪ ਹਨ, ਖ਼ੁਦ ਅਕਾਲ ਪੁਰਖ ਹਨ। ਅਜਿਹੇ ਗੁਰੂ ਦੀ ਸੰਗਤ ਮਾਨਣਾ ਪਰਮਾਤਮਾ ਦੀ ਬਖਸ਼ਿਸ਼ ਨਾਲ ਹੀ ਸੰਭਵ ਹੈ। ਭੱਟ ਨਲ ਜੀ ਕਿਤਨੀ ਦ੍ਰਿੜਤਾ ਤੇ ਸਿਦਕ-ਦਿਲੀ ਨਾਲ ਫਰਮਾਉਂਦੇ ਹਨ:

**ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ॥ ...**
**ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ॥**
(ਅੰਗ 1401)

ਸ਼ਬਦ-ਗੁਰੂ ਨਾਲ ਜੁੜਨ ਦੀ ਵਾਹਿਗੁਰੂ ਸਭਨਾਂ ਨੂੰ ਸੋਝੀ ਅਤੇ ਬਲ-ਬੁਧੀ ਦੇਵੇ।

# ਦਸਮ ਪਿਤਾ ਜੀ ਵੱਲੋਂ ਨਾਂਦੇੜ ਵਿਖੇ ਕੀਤੇ ੫੨ ਹੁਕਮ

੧. ਕਿਰਤ ਧਰਮ ਦੀ ਕਰਨੀ ।
੨. ਦਸਵੰਧ ਦੇਣਾ ।
੩. ਗੁਰਬਾਣੀ ਕੰਠ ਕਰਨੀ ।
੪. ਅੰਮ੍ਰਿਤ ਵੇਲੇ ਜਾਗਣਾ ।
੫. ਪਿਆਰ ਨਾਲ ਗੁਰਸਿੱਖਾਂ ਦੀ ਸੇਵਾ ਕਰਨੀ ।
੬. ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ ।
੭. ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ ।
੮. ਸ਼ਬਦ ਦਾ ਅਭਿਆਸ ਕਰਨਾ ।
੯. ਧਿਆਨ ਸਤਿ-ਸਰੂਪ ਸਤਿਗੁਰੂ ਦਾ ਕਰਨਾ ।
੧੦. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ।
੧੧. ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ ।
੧੨. ਜੰਮਣ, ਮਰਨ, ਵਿਆਹ, ਆਨੰਦ ਆਦਿ ਸਮੇਂ ਜਪੁ ਜੀ ਦਾ ਪਾਠ ਕਰਕੇ, ਕੜਾਹ ਪ੍ਰਸ਼ਾਦਿ ਤਿਆਰ ਕਰਕੇ, ਅਨੰਦੁ ਸਾਹਿਬ ਦਾ ਪਾਠ, ਅਰਦਾਸ ਕਰਕੇ, ਪੰਜਾਂ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘਾਂ ਦਾ ਵਰਤਾਰਾ ਵਰਤਾ ਕੇ ਰੱਖ ਉਪਰੰਤ ਸੰਗਤਾਂ ਨੂੰ ਵਰਤਾ ਦੇਣਾ ।
੧੩. ਜਦ ਤਕ ਕੜਾਹ ਪ੍ਰਸ਼ਾਦਿ ਵਰਤਦਾ ਰਹੇ, ਸਾਰੀ ਸੰਗਤ ਅਡੋਲ ਬੈਠੀ ਰਹੇ ।
੧੪. ਵਿਆਹ ਅਨੰਦੁ ਬਿਨਾਂ ਗ੍ਰਿਹਸਤ ਨਹੀਂ ਕਰਨਾ ।
੧੫. ਪਰ-ਇਸਤਰੀ ਮਾਂ, ਭੈਣ, ਧੀ ਕਰ ਜਾਣਨੀ ।
੧੬. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ ।
੧੭. ਜਗਤ-ਜੂਠ ਤਮਾਕੂ ਬਿਖਿਆ ਦਾ ਤਿਆਗ ਕਰਨਾ ।
੧੮. ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੰਗਤ ਕਰਨੀ ।
੧੯. ਜਿਤਨੇ ਕੰਮ ਆਪਣੇ ਕਰਨ ਦੇ ਹੋਣ, ਉਨ੍ਹਾਂ ਦੇ ਕਰਨ ਵਿੱਚ ਆਲਸ ਨਹੀਂ ਕਰਨਾ ।
੨੦. ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ਼ ਸੁਣਨਾ ਤੇ ਕਰਨਾ ।
੨੧. ਕਿਸੇ ਦੀ ਨਿੰਦਾ, ਚੁਗਲੀ ਤੇ ਈਰਖਾ ਨਹੀਂ ਕਰਨੀ ।
੨੨. ਧਨ, ਜੁਆਨੀ, ਕੁਲ-ਜਾਤ ਦਾ ਮਾਣ ਨਹੀਂ ਕਰਨਾ ।
੨੩. ਮੱਤ ਉੱਚੀ ਤੇ ਸੁੱਚੀ ਰੱਖਣੀ ।
੨੪. ਸ਼ੁਭ ਕਰਮ ਕਰਦੇ ਰਹਿਣਾ ।
੨੫. ਬੁੱਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਣਨਾ ।
੨੬. ਕਸਮ, ਸਹੁੰ ਚੁੱਕਣ ਵਾਲੇ ਤੇ ਇਤਬਾਰ ਨਹੀਂ ਕਰਨਾ ।
੨੭. ਸੁਤੰਤਰ ਵਿਚਰਨਾ ।
੨੮. ਰਾਜਨੀਤੀ ਵੀ ਪੜ੍ਹਨੀ ।
੨੯. ਸ਼ੱਤਰੂ ਨਾਲ ਸਾਮ, ਦਾਮ, ਭੇਦ ਆਦਿਕ ਉਪਾਓ ਵਰਤਣੇ, ਉਪਰੰਤ ਯੁੱਧ ਕਰਨਾ ਧਰਮ ਹੈ ।
੩੦. ਸ਼ਸਤਰ ਵਿੱਦਿਆ ਤੇ ਘੋੜ-ਸਵਾਰੀ ਦਾ ਅਭਿਆਸ ਕਰਨਾ ।
੩੧. ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ, ਪਰ ਭਰੋਸਾ ਦ੍ਰਿੜ੍ਹ ਗੁਰਬਾਣੀ, ਅਕਾਲ ਪੁਰਖ ਉੱਤੇ ਹੀ ਰੱਖਣਾ ।
੩੨. ਗੁਰੂ ਉਪਦੇਸ਼ ਧਾਰਨ ਕਰਨੇ ।
੩੩. ਰਹਿਰਾਸ ਦਾ ਪਾਠ ਕਰ ਕੇ ਖੜੋ ਕੇ ਅਰਦਾਸ ਕਰਨੀ ।
੩੪. ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ ।
੩੫. ਕੇਸ ਨੰਗੇ ਨਹੀਂ ਰੱਖਣੇ ।
੩੬. ਸਿੰਘਾਂ ਦਾ ਪੂਰਾ ਨਾਮ ਲੈ ਕੇ ਬੁਲਾਉਣਾ, ਅੱਧਾ ਨਹੀਂ ।
੩੭. ਸ਼ਰਾਬ ਨਹੀਂ ਪੀਣੀ-ਪਿਆਉਣੀ ।
੩੮. ਭਾਦਨੀ (ਸਿਰ ਮੁੰਨੇ) ਨੂੰ ਕੰਨਯਾ ਨਹੀਂ ਦੇਵਣੀ । ਉਸ ਘਰ ਦੇਵਣੀ ਜਿੱਥੇ ਅਕਾਲ ਪੁਰਖ ਦੀ ਸਿੱਖੀ ਹੋਵੇ ।
੩੯. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਗੁਰਬਾਣੀ ਅਨੁਸਾਰ ਕਰਨੇ ।
੪੦. ਚੁਗਲੀ ਕਰ ਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ ।
੪੧. ਕੌੜਾ ਬਚਨ ਕਰ ਕੇ ਕਿਸੇ ਦਾ ਹਿਰਦਾ ਨਹੀਂ ਦੁਖਾਉਣਾ ।
੪੨. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ ।
੪੩. ਬਚਨ ਕਰ ਕੇ ਪਾਲਣਾ ।
੪੪. ਅਤਿਥੀ, ਪਰਦੇਸੀ, ਲੋੜਵੰਦ, ਦੁਖੀ, ਅਪੰਗ ਮਨੁੱਖ ਦੀ ਯਥਾਸ਼ਕਤ ਸੇਵਾ ਕਰਨੀ ।
੪੫. ਧੀ ਦੀ ਕਮਾਈ/ਧਨ ਬਿਖ ਕਰ ਜਾਣਨਾ ।
੪੬. ਦਿਖਾਵੇ ਦੇ ਸਿੱਖ ਨਹੀਂ ਬਣਨਾ ।
੪੭. ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੁਣੀ । ਕੇਸਾਂ ਨੂੰ ਗੁਰ ਸਮਾਨ ਜਾਣ ਅਦਬ ਕਰਨਾ ।
੪੮. ਚੋਰੀ, ਯਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ ।
੪੯. ਗੁਰਸਿੱਖ ਦਾ ਇਤਬਾਰ ਕਰਨਾ ।
੫੦. ਝੂਠੀ ਗਵਾਹੀ ਨਹੀਂ ਦੇਣੀ ।
੫੧. ਝੂਠ ਨਹੀਂ ਕਹਿਣਾ/ਬੋਲਣਾ ।
੫੨. ਲੰਗਰ ਪ੍ਰਸ਼ਾਦਿ ਇਕ ਰਸ ਵਰਤਾਉਣਾ ।

ਆਉ ਅਸੀਂ ਪ੍ਰਣ ਕਰੀਏ ਜੋ ਸਮਾਂ ਲੰਘ ਗਿਆ ਸੋ ਲੰਘ ਗਿਆ ਅਸੀ ਭੁੱਲੇ ਰਹੇ ਹਾਂ ਅੱਜ ਤੋਂ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਾਂਗੇ

## ਇੱਕ ਸੱਚੀ ਵਾਰਤਾ

# ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥

**ਡਾ. ਬਲਦੇਵ ਸਿੰਘ ਐਡਮਿੰਟਨ (ਕੈਨੇਡਾ)**



ਸੰਨ 1947 ਦੇ ਜੇਠ-ਹਾੜ ਦੇ ਤਪਦੇ ਦਿਨ। ਲਾਹੌਰ-ਪੱਤੋਕੀ ਇਲਾਕੇ ਦਾ ਇਕ ਪਿੰਡ, ਮੇਰੇ ਸੁਰਗਵਾਸੀ ਮਾਂ-ਬਾਪ ਦਾ। ਭਾਰਤ ਦੀ ਵੰਡ ਦਾ ਦਿਨ ਨੇੜੇ ਆ ਰਿਹਾ ਸੀ। ਸਾਰੇ ਪਾਸੇ ਦਹਿਸ਼ਤ ਅਤੇ ਅਨਿਸ਼ਚਿਤਤਾ ਦਾ ਮਹੌਲ ਸੀ। ਪਤਾ ਨਹੀਂ ਸੀ ਲਗ ਰਿਹਾ ਕਿਹੜਾ ਇਲਾਕਾ ਭਾਰਤ ‘ਚ ਰਹੇਗਾ, ਕਿਹੜਾ ਪਾਕਿਸਤਾਨ ਦਾ ਹਿਸਾ ਬਣੇਗਾ। ਲੋਕੀਂ ਹੁਣ ਦਿਨੇ ਵੀ ਘਰੋਂ ਬਾਹਰ ਨਿਕਲਣ ਤੋਂ ਘਬਰਾਉਣ ਲਗੇ ਸਨ। ਦੰਗੇ ਫਸਾਦ ਦਿਨੋ-ਦਿਨ ਵਧ ਰਹੇ ਸਨ। ਔਰਤਾਂ, ਮਰਦ, ਬੱਚੇ ਸਭ ਹਿੰਸਾ ਦਾ ਸ਼ਿਕਾਰ ਹੋ ਰਹੇ ਸਨ। ਸਦੀਆਂ ਦੇ ਬਣੇ ਰਿਸ਼ਤੇ ਦਿਨਾਂ-ਘੰਟਿਆਂ ਵਿਚ ਤਿੜਕ ਰਹੇ ਸਨ। ਘਰੋਂ-ਘਰੀਂ ਹਥਿਆਰ ਤਿੱਖੇ ਕੀਤੇ ਜਾ ਰਹੇ ਸਨ। ਅੱਲਾ-ਹੂ ਅਕਬਰ, ਬੋਲੇ ਸੋ ਨਿਹਾਲ ਅਤੇ ਹਰ-ਹਰ ਮਹਾਂਦੇਵ ਦੇ ਆਕਾਸ਼-ਗੁੰਜਾਊ ਨਾਹਰੇ ਤਕੜੇ ਦਿਲਾਂ ਨੂੰ ਵੀ ਦਹਿਲਾ ਜਾਂਦੇ। ਪਰਲੋ ਦੇ ਆਸਾਰ ਸਾਹਮਣੇ ਸਨ।

ਅਜੇਹੇ ਮਹੌਲ ਵਿੱਚ ਇਕ ਦਿਨ ਮੇਰੇ ਭਾਪਾ ਜੀ ਸਾਈਕਲ ਤੇ ਸ਼ਹਿਰ ਗਏ ਹੋਏ ਸਨ ਜੋ ਪਿੰਡੋਂ ਪੰਜ-ਛੇ ਮੀਲ ਦੀ ਵਿੱਥ ਤੇ ਸੀ। ਉਹ ਪਿੰਡ ਵਿਚ ਡਾਕਟਰੀ ਕਰਦੇ ਸਨ। ਬੀਜੀ ਨੇ ਬਥੇਰਾ ਰੋਕਿਆ ਸੀ ਕਿ ਮਹੌਲ ਠੀਕ ਨਹੀਂ, ਉਪਰੋਂ ਦਿਨ ਢਲਣ ਲਗਾ ਹੈ, ਆਉਂਦਿਆਂ ਰਾਤ ਪੈ ਜਾਣੀ ਹੈ, ਸਵੇਰੇ ਚਲੇ ਜਾਣਾ। ਪਰ ਭਾਪਾ ਜੀ ਕਹਿਣ ਲਗੇ ਕੁਝ ਨਹੀਂ ਹੁੰਦਾ, ਦਵਾਈਆਂ ਮੁੱਕੀਆਂ ਹੋਈਆਂ ਹਨ, ਰਾਤ-ਬਰਾਤੇ ਲੋੜ ਪੈ ਸਕਦੀ ਹੈ। ਉਹ ਪਿੰਡ ਵਿੱਚ ‘ਕੱਲੇ-ਕਾਰੇ ਡਾਕਟਰ ਸਨ।

ਦਵਾਈਆਂ ਤੇ ਕੁੱਝ ਹੋਰ ਨਿਕ-ਸੁਕ ਲੈਕੇ ਪਿੰਡ ਨੂੰ ਤੁਰੇ ਤਾਂ ਸੂਰਜ ਡੁੱਬ ਚੁੱਕਾ ਸੀ। ਬੱਦਲਵਾਈ ਕਰਕੇ ਰਾਤ ਜਲਦੀ ਢਲ ਆਈ ਸੀ ਤੇ ਚੁਫੇਰੇ ‘ਨ੍ਹੇਰਾ ਪਸਰ ਗਿਆ ਸੀ। ਸਾਰੇ ਪਾਸੇ ਸੁੰਨ-ਮਸਾਨ, ਨਾ ਬੰਦਾ, ਨਾ ਬੰਦੇ ਦੀ ਜਾਤ। ਕਮਾਦ ਦੇ ਖੇਤਾਂ, ਹਵਾ ਵਿੱਚ ਸਰਸਰਾਉਂਦੇ ਉੱਚੇ ਸਲਵਾੜਾਂ, ਗਿੱਦੜਾਂ ਦੀਆਂ ਕੂਕਾਂ, ਅਤੇ ਨੇੜਲੇ ਪਿੰਡੋਂ ਬਾਹਰ ਬਲਦੇ ਸਿਵੇ ਨੇ ਰਸਤੇ ਨੂੰ ਹੋਰ ਵੀ ਡਰਾਉਣਾ ਬਣਾ ਛੱਡਿਆ ਸੀ। ਰਹਿਰਾਸ ਦਾ ਪਾਠ ਕਰਦੇ ਭਾਪਾ ਜੀ ਕੱਚੇ ਰਸਤੇ ਤੇ ਹੌਲੀ ਹੌਲੀ ਸਾਈਕਲ ਚਲਾਉਂਦੇ ਜਾ ਰਹੇ ਸਨ। ਅਚਾਨਕ ਸਲਵਾੜਾਂ ਪਿਛੋਂ ਨਿਕਲਕੇ 5-7 ਬੰਦੇ ਭਾਪਾ ਜੀ ਦਾ ਰਸਤਾ ਰੋਕ ਆਣ ਖਲੋਤੇ। ਉਨ੍ਹਾਂ ਦੇ ਮੂੰਹਾਂ ‘ਤੇ ਕਪੜੇ ਬੰਨ੍ਹੇ ਸਨ ਅਤੇ ਹੱਥਾਂ ਵਿਚ ਕਈ ਤਰ੍ਹਾਂ ਦੇ ਹਥਿਆਰ ਸਨ। ਤਦੇ ਉਨ੍ਹਾਂ ‘ਚੋਂ ਇੱਕ ਉੱਚਾ ਲੰਬਾ ਜਵਾਨ, ਜੋ ਉਨ੍ਹਾਂ ਦਾ ਆਗੂ ਲਗਦਾ ਸੀ, ਗਰਜਿਆ, “ਰੁਕ ਓਏ ਕਾਫਰਾ।” ਭਾਪਾ ਜੀ ਸਾਈਕਲ ਤੋਂ ਉਤਰ ਪਏ। ਉਹ ਸਮਝ ਗਏ ਸਨ ਕਿ ਇਹ ਮੁਸਲਮਾਨ ਲੁਟੇਰੇ ਹਨ। ਇਕ ਬੰਦੇ ਨੇ ਝਟਕਾ ਮਾਰ ਕੇ ਸਾਈਕਲ ਖੋਹ ਲਿਆ। ਲੁਟੇਰਿਆਂ ਦਾ ਸਰਦਾਰ ਬਰਛਾ ਭਾਪਾ ਜੀ ਦੀ ਛਾਤੀ ਤੇ ਰੱਖ ਕੇ ਬੋਲਿਆ, “ਜੋ ਕੁਛ ਤੇਰੇ ਕੋਲ ਹੈ ਕੱਢ ਦੇ ਓਏ।” ਲੱਕ ਨਾਲ ਬੰਨੇ ਸਿੱਕੇ ਭਾਪਾ ਜੀ ਨੇ ਬਿਨਾ ਹੀਲ-ਹੁੱਜਤ ਲੁਟੇਰਿਆਂ ਦੇ ਹਵਾਲੇ ਕਰ ਦਿੱਤੇ ਤੇ ਕਿਹਾ, “ਮੇਰੇ ਕੋਲ ਤਾਂ ਏਹੀ ਪੈਸੇ ਹਨ। ਮੈਂ ਡਾਕਟਰ ਹਾਂ ਤੇ ਸ਼ਹਿਰੋਂ ਦਵਾਈਆਂ ਖ਼ਰੀਦ ਕੇ ਮੁੜ ਰਿਹਾਂ।” ਸਾਈਕਲ ਦੇ ਹੈਂਡਲ ਨਾਲ ਬੰਨ੍ਹਿਆਂ ਝੋਲਾ ਫਰੋਲਕੇ ਉਨ੍ਹਾਂ ਨੇ ਦਵਾਈਆਂ ਪਹਿਲਾਂ ਹੀ ਵਗਾਹ ਮਾਰੀਆਂ ਸਨ।

ਹੁਣ ਉਹ ਬੰਦੇ ਖਾਸੇ ਰੋਹ ਵਿੱਚ ਆ ਗਏ ਕਿਉਂਕਿ ਉਨ੍ਹਾਂ ਦੇ ਹੱਥ ਕੁੱਝ ਖਾਸ ਨਹੀਂ ਸੀ ਲਗਾ। ਇੱਕ ਬੁਰਛਾ ਗੁੱਸੇ ਵਿੱਚ ਗਰਜਿਆ, “ਦੇਖਦੇ ਕੀ ਹੋ ਓਏ, ਮਾਰ ਮੁਕਾਓ ਇਸ ਕਾਫ਼ਰ ਨੂੰ।” ਦੋ ਤਿੰਨ ਬਰਛੇ ਹਮਲਾ ਕਰਨ ਲਈ ਉਪਰ ਉੱਠੇ ਤਾਂ ਭਾਪਾ ਜੀ ਉੱਚੀ ਅਵਾਜ਼ ਵਿੱਚ ਬੋਲੇ, “ਠਹਿਰੋ ਭਰਾਵੋ, ਮਾਰ ਹੀ ਸੁਟਣਾ ਹੈ?” ਲੀਡਰ ਨੇ ਆਪਣੇ ਬੰਦਿਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਕਿਹਾ ਕਿ ਛੇਤੀ ਬੋਲ ਕੀ ਕਹਿਣਾ ਚਾਹੁੰਦਾ ਹੈਂ। ਭਾਪਾ ਜੀ ਨੇ ਠਰੰਮੇ ਨਾਲ ਮੁਹੰਮਦ ਸਾਹਿਬ ਦੀਆਂ ਸਿਖਿਆਵਾਂ ਅਤੇ ਕੁਰਾਨ ਸ਼ਰੀਫ਼ ਵਿੱਚੋਂ ਕੁੱਝ ਹਵਾਲੇ ਦਿੱਤੇ ਕਿ ਨਿਰਦੋਸ਼ ਨੂੰ ਮਾਰਨਾ ਮੁਸਲਮਾਨ ਲਈ ਹਰਾਮ ਹੈ। ਉਨ੍ਹਾਂ ਕੁਰਾਨ ਦੀਆਂ ਕੁਝ ਆਇਤਾਂ ਵੀ ਸੁਣਾਈਆਂ। ਪਿੰਡ ਦੇ ਮੌਲਵੀ ਤੋਂ ਉਨ੍ਹਾਂ

ਉਰਦੂ ਸਿੱਖੀ ਸੀ ਅਤੇ ਕੁਰਾਨ ਸ਼ਰੀਫ਼ ਵੀ ਪੜ੍ਹਿਆ ਸਮਝਿਆ ਹੋਇਆ ਸੀ।

ਉਨ੍ਹਾਂ ਕਿਹਾ ਕਿ ਕੁਰਾਨ ਵਿੱਚ ਲਿਖਿਆ ਹੈ, "ਜੋ ਵੀ ਮੁਸਲਮਾਨ ਕਿਸੇ ਤਰ੍ਹਾਂ ਦਾ ਕੁਕਰਮ ਕਰਨਗੇ, ਉਨ੍ਹਾਂ ਦਾ ਪਾਪ ਉਨ੍ਹਾਂ ਨੂੰ ਘੇਰ ਲਵੇਗਾ, ਅਤੇ ਉਹ ਨਰਕ-ਗਾਮੀ ਹੋਣਗੇ। ਸ਼ੁਭ ਕਰਮ ਕਰਨ ਵਾਲੇ ਬਹਿਸ਼ਤ-ਵਾਸੀ ਹੋਣਗੇ। ਮੋਮਨੋ, ਪ੍ਰਣ ਕਰੋ ਕਿ ਤੁਸੀਂ ਨਿਰਦੋਸ਼ ਦੀ ਰੱਤ ਨਹੀਂ ਵਗਾਉਗੇ। ਯਾਦ ਰੱਖੋ, ਇਨਕਾਰੀਆਂ ਲਈ ਘੋਰ ਸਜ਼ਾ ਨਿਯਤ (prescribed) ਹੈ।" ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ "***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ"*** ਬਾਰੇ ਵੀ ਦੱਸਿਆ। ਨਾਲੇ ਕਿਹਾ ਕਿ ਮੈਂ ਤਾਂ ਡਾਕਟਰ ਹਾਂ, ਬਿਨਾ ਇਹ ਦੇਖੇ ਕਿ ਕੋਈ ਮਰੀਜ਼ ਮੁਸਲਮਾਨ, ਸਿੱਖ ਜਾਂ ਹਿੰਦੂ ਹੈ, ਹਰ ਇੱਕ ਦਾ ਬਰਾਬਰ ਇਲਾਜ ਕਰਦਾ ਹਾਂ।

ਭਾਪਾ ਜੀ ਦੇ ਬੋਲਾਂ ਵਿੱਚ ਪਤਾ ਨਹੀਂ ਕੀ ਜਾਦੂ ਸੀ ਕਿ ਜਦ ਉਹ ਬੋਲ ਰਹੇ ਸਨ ਤਾਂ ਧਾੜਵੀ ਚੁਪਚਾਪ ਸੁਣਦੇ ਰਹੇ। ਉਨ੍ਹਾਂ ਦੇ ਭਾਲੇ ਤੇ ਬਰਛੇ ਆਪ ਮੁਹਾਰੇ ਹੇਠਾਂ ਹੋ ਚੁੱਕੇ ਸਨ। ਇਹ ਕਹਿਕੇ ਕਿ "ਹੁਣ ਤੁਹਾਡੀ ਮਰਜ਼ੀ ਹੈ ਮੈਨੂੰ ਮਾਰਨਾ ਹੈ ਜਾਂ ਛੱਡਣਾ ਹੈ", ਭਾਪਾ ਜੀ ਅੱਖਾਂ ਮੀਟ ਅਰਦਾਸ ਕਰਨ ਲਗ ਗਏ। ਲਗਦਾ ਸੀ ਭਾਪਾ ਜੀ ਦੀਆਂ ਗੱਲਾਂ ਦਾ ਉਨ੍ਹਾਂ ਬੰਦਿਆਂ 'ਤੇ ਕਾਫ਼ੀ ਅਸਰ ਪਿਆ ਸੀ। ਕੁੱਝ ਪਲਾਂ ਦੀ ਖਮੋਸ਼ੀ ਬਾਅਦ ਧਾੜਵੀਆਂ ਦਾ ਆਗੂ ਭਰੜਾਈ ਜਿਹੀ ਆਵਾਜ਼ ਵਿੱਚ ਬੋਲਿਆ, "ਜਾਣ ਦਿਓ ਓਏ ਇਸ ਨੂੰ, ਇਹ ਤਾਂ ਕੋਈ ਖ਼ੁਦਾ ਦਾ ਬੰਦਾ ਜਾਪਦੈ।"

ਇਹ ਕਹਿਕੇ ਉਸਨੇ ਆਪਣੇ ਬੰਦਿਆਂ ਵਲ ਕੁੱਝ ਇਸ਼ਾਰਾ ਕੀਤਾ। ਉਨ੍ਹਾਂ ਸਾਈਕਲ ਛੱਡ ਦਿੱਤਾ, ਸਿੱਕੇ ਵੀ ਸੁੱਟ ਦਿੱਤੇ। ਫਿਰ ਧਾੜਵੀਆਂ ਦਾ ਸਰਦਾਰ ਕਹਿਣ ਲੱਗਾ, "ਸਿੱਖਾ, ਹੁਣ ਤੂੰ ਇਸ ਸਿੱਧੇ ਰਸਤੇ ਪਿੰਡ ਨੂੰ ਨਾ ਜਾਵੀਂ ਕਿਉਕਿ ਇਧਰ 2-3 ਹੋਰ ਟੋਲੇ ਲੁਟੇਰਿਆਂ ਦੇ ਫਿਰ ਰਹੇ ਹਨ। ਅਸਾਂ ਤਾਂ ਤੈਨੂੰ ਛੱਡ ਦਿੱਤਾ ਪਰ ਉਹ ਤੈਨੂੰ ਬਖਸ਼ਣ ਨਹੀਂ ਲੱਗੇ। ਜੇ ਤੂੰ ਆਪਣੀ ਜਾਨ ਚਾਹੁਨੈਂ ਤਾਂ ਖੇਤਾਂ ਵਿੱਚੀਂ ਹੋਕੇ ਪਿੰਡ ਨੂੰ ਵਗ ਜਾ।" "ਤੇਰਾ ਅੱਲਾ ਬੇਲੀ", ਉਸ ਨੇ ਕਿਹਾ, ਅਤੇ ਉਹ ਬੰਦੇ ਕਾਹਲੀ ਕਾਹਲੀ ਉੱਚੇ ਸਲਵਾੜਾਂ ਅਤੇ ਕਮਾਦ ਦੇ ਖੇਤਾਂ ਵਿੱਚ ਅਲੋਪ ਹੋ ਗਏ।

ਹੁਣ ਤੱਕ 'ਨ੍ਹੇਰਾ ਗੂੜ੍ਹਾ ਹੋ ਚੁੱਕਾ ਸੀ। ਥੋੜੀ ਕਿਣਮਿਣ ਵੀ ਹੋਣ ਲੱਗੀ ਸੀ। ਰੱਬ ਦਾ ਸ਼ੁਕਰਾਨਾ ਕਰਦੇ, ਰਹਿਰਾਸ ਦਾ ਪਾਠ ਪੂਰਾ ਕਰਦੇ, ਖੇਤਾਂ ਵਾਹਣਾਂ ਵਿੱਚ ਦੀ ਹੁੰਦੇ, ਕਦੇ ਸਾਈਕਲ ਚਲਾਉਂਦੇ ਕਦੇ ਤੁਰ ਕੇ, ਭਾਪਾ ਜੀ ਸੁਖੀ-ਸਾਂਦੀਂ ਪਿੰਡ ਪਹੁੰਚ ਗਏ। ਫਿਕਰਾਂ ਵਿੱਚ ਡੁੱਬੇ ਬੀਜੀ ਆਪਣੀ ਕੁੱਝ ਕੁ ਮਹੀਨਿਆਂ ਦੀ ਧੀ (ਮੇਰੀ ਵੱਡੀ ਭੈਣ) ਚੁੱਕੀ ਕਦ ਦੇ ਬੂਹੇ ਤੇ ਖੜੇ ਉਡੀਕ ਰਹੇ ਸਨ। ਭਾਪਾ ਜੀ ਨੂੰ ਠੀਕ-ਠਾਕ ਦੇਖ ਕੇ ਘਰ ਦਿਆਂ ਦੇ ਸਾਹ ਵਿੱਚ ਸਾਹ ਆਇਆ। ਸਾਰੀ ਘਟਨਾ ਬਾਰੇ ਸੁਣਨ ਬਾਅਦ ਸਾਰਿਆਂ ਨੇ ਰਲਕੇ ਸੇਜਲ ਅੱਖਾਂ ਨਾਲ ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ।

***ਰਖੇ ਰਖਣਹਾਰਿ ਆਪਿ ਉਬਾਰਿਅਨੁ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ॥*** (ਗੁਰੂ ਗ੍ਰੰਥ ਸਾਹਿਬ, ਅੰਗ 517)

**ਸਿਖਿਆ-ਵਿਚਾਰ:**
ਭਾਪਾ ਜੀ ਸਾਨੂੰ ਸਦਾ ਕਹਿੰਦੇ ਸਨ ਕਿ ਜਿਨਾਂ ਵੀ ਹੋ ਸਕੇ ਆਪਣੇ ਗਿਆਨ ਵਿਚ ਵਾਧਾ ਕਰੋ। ਖੂਬ ਪੜ੍ਹੋ, ਪ੍ਰੰਤੂ ਪੜ੍ਹਨ ਦੇ ਨਾਲ ਅੰਤਰ-ਵਿਚਾਰ ਕਰਕੇ ਸਿਧਾਂਤਿਕ ਤੌਰ ਤੇ ਪੱਕੇ ਹੋਵੋ, ਅਤੇ ਸਿਖਿਆਵਾਂ ਨੂੰ ਜ਼ਿੰਦਗੀ ਵਿੱਚ ਅਪਣਾਓ। ਗਿਆਨ ਦੇ ਚਾਨਣ ਨਾਲ ਮਨ ਦਾ ਹਨੇਰਾ ਤਾਂ ਦੂਰ ਹੁੰਦਾ ਹੀ ਹੈ, ਜੀਵਨ ਦੇ ਬਿਖੜੇ ਰਸਤਿਆਂ ਤੇ ਚਲਦਿਆਂ ਗਿਆਨ ਦੀ ਬੜੀ ਲੋੜ ਪੈਂਦੀ ਹੈ। ਇਹ ਕਦੇ ਅਜਾਈਂ ਨਹੀਂ ਜਾਂਦਾ। ਪਤਾ ਨਹੀਂ ਕਦੋਂ ਥੋੜਾ ਜਿਹਾ ਗਿਆਨ ਵੀ ਤੁਹਾਡੇ ਲਈ ਜੀਵਨਦਾਨ ਹੋ ਨਿੱਬੜੇ।

***ਕੰਚਨ ਕੋਟੁ ਬਹੁ ਮਾਣਿਕ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ*** ॥ (ਗੁਰੂ ਗ੍ਰੰਥ ਸਾਹਿਬ, ਅੰਗ 833)

# **ੴ**

(ਇਸ ਲੇਖ ਦਾ ਪਹਿਲਾ ਭਾਗ ਜਨਵਰੀ ਵਿਚ ਛਪ ਚੁੱਕਿਆ ਹੈ)

**੧** ਪਰਮੇਸ਼ਰ ਦੇ ਨਿਰਗੁਣ ਸਰੂਪ ਦਾ ਅਤੇ **ਓ** ਪਰਮੇਸ਼ਰ ਦੇ ਸਰਗੁਣ ਸਰੂਪ ਦਾ ਚਿੰਨ ਹੈ। ਅਸੀਂ **ੴ** ਤੋਂ ਭਲੀ ਭਾਂਤ ਸਮਝ ਸਕਦੇ ਹਾਂ ਕਿ ਪਰਮੇਸ਼ਰ ਦੇ ਦੋਨੋ ਸਰੂਪ ਇੱਕ ਦੂਜੇ ਨਾਲ ਤਾਣੇ ਪੇਟੇ ਵਾਂਗ ਜੁੜੇ ਹਨ। **੧** ਪਰਮੇਸ੍ਵਰ ਅਤੇ **ਓ** ਓਅੰਕਾਰ; ਉਸ **"ਇੱਕ"** ਨੇ ਆਪੇ ਤੋਂ ਆਕਾਰ ਬਣਾਏ। ਜੀਵ ਮਾਇਆ ਦੇ ਹਨੇਰੇ ਵਿੱਚ ਤੇ ਹਉਮੈ ਦੀ ਦਿਵਾਰ ਕਰਕੇ ਪਰਮੇਸ਼ਰ ਦੀ ਜੋਤੀ ਆਪਣੇ ਹਿਰਦੇ ਵਿੱਚ ਨਹੀਂ ਦੇਖ ਸਕਦਾ, ਇਸ ਕਰਕੇ ਸਮਝ ਲੈਂਦਾ ਹੈ ਕਿ ਪਰਮੇਸ਼ਰ ਕਿਤੇ ਹੋਰ ਦੂਰ ਵੱਸਦਾ ਹੈ।

**ਓ** ਸਰਗੁਣ ਜਦੋਂ ਨਾਮ ਦੀ ਕਮਾਈ ਰਾਹੀਂ ਮਾਇਆ, ਵਿਕਾਰ, ਹਉਮੈ ਤੋਂ ਮੁਕਤੀ ਪ੍ਰਾਪਤ ਕਰ ਲਵੇ, ਫਿਰ ਉਸਦੀ ਸਮਾਈ **੧** ਨਿਰਗੁਣ ਵਿੱਚ ਹੋ ਜਾਂਦੀ ਹੈ, ਜਿੱਥੇ ਸਿਰਫ **ਇੱਕ** ਹੀ ਹੈ, ਕੋਈ ਦਵੈਤ ਦੁਬਿਧਾ ਨਹੀਂ ਹੈ। ਇਹ ਹੈ ਪਰਮ ਪਦ ਦੀ ਪਰਾਪਤੀ, ਜਦੋਂ ਜੀਵ ਦਾ ਜਨਮ-ਮਰਨ ਦਾ ਗੇੜ ਖਤਮ ਹੋ ਜਾਂਦਾ ਹੈ ਅਤੇ ਉਹ **ਇੱਕ** ਦਾ ਰੂਪ ਹੋਕੇ ਨਿਰਗੁਣ **ਇੱਕ** ਦੇ ਵਿੱਚ ਲੀਨ ਹੋ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖਾਲਸਾ ਸਾਜਿਆ, ਤਾਂ ਸਿੰਘਾਂ-ਸਿੰਘਣੀਆਂ ਨੇ ਇਸ **੧** ਦੀ ਸ਼ਕਤੀ (੧ ਪਰਮੇਸ਼ਰ) ਨੂੰ ਆਪਣੇ ਅੰਦਰ ਅਨੁਭਵ ਕੀਤਾ। ਤਾਂ ਹੀ ਤਾਂ ਇੱਕ-ਇੱਕ ਸਿੰਘ-ਸਿੰਘਣੀ ਸਵਾ ਸਵਾ ਲੱਖ ਤੇ ਭਾਰੂ ਹੋਏ ਯੁੱਧ ਦੇ ਮੈਦਾਨ ਵਿੱਚ।

ਜਦੋਂ ਜੀਵ ਉਸ ਇੱਕ ਪਰਮੇਸ਼ਰ ਦਾ ਨਾਮ ਜਪਦਾ ਹੈ ਬਿਨਾ ਕਿਸੇ ਇੱਛਾ ਦੇ, ਇੱਕ ਦਿਨ ਜਪਦਿਆਂ ਜਪਦਿਆਂ ਉਹ ਉਸ **ਇੱਕ** ਦਾ ਰੂਪ ਹੋ ਜਾਂਦਾ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਸਾਗਰ ਵਿੱਚੋਂ ਉਠੀ ਲਹਿਰ ਸਾਗਰ ਵਿੱਚ ਹੀ ਸਮਾ ਜਾਂਦੀ ਹੈ।

| **੧** | **ਓ** |
|---|---|
| ਇੱਕ | ਓਅੰਕਾਰ |
| ਨਿਰਗੁਣ | ਸਰਗੁਣ |
| ਸੂਖਮ | ਅਸਥੂਲ |
| ਨਿਰੰਜਨ | ਅੰਜਨ ਸਹਿਤ |


**੧** ਤੋਂ ਹੀ **ਓ** ਓਅੰਕਾਰ ਦੀ ਸਿਰਜਣਾ **ਇੱਕ** ਨੇ ਕੀਤੀ ਤੇ ਜਗਤ ਦੀ ਖੇਡ ਰਚੀ। ਜਿਸ ਦਿਨ **੧** ਜਗਤ ਦੀ ਖੇਡ ਸਮੇਟੇਗਾ, ਉਸ ਦਿਨ ਫਿਰ **ਓ** ਓਅੰਕਾਰ ਦੀ ਸਮਾਈ **੧** ਵਿੱਚ ਹੋ ਜਾਵੇਗੀ।

**(ਦਾਸੀ) ਦਵਿੰਦਰ ਕੌਰ**

# ਵਿਛੋੜਾ


**ਡਾ. ਬਲਦੇਵ ਸਿੰਘ ਖਹਿਰਾ, ਸਰੀ (ਕੈਨੇਡਾ)**

ਈ ਮੇਲ drbaldevkhaira@gmail.com

"ਕਿਤੇ ਵਿਛੜੇ ਹੀ ਨਾ ਮਰ ਜਾਈਏ!" ਕਹਿਕੇ ਸਰਬਜੀਤ ਨੇ ਪਾਸਾ ਲੈ ਕੇ ਧਰਮ ਪਤਨੀ ਰਸ਼ਿਮ ਵੱਲ ਪਿੱਠ ਕਰ ਲਈ। ਸੈਲਫੋਨ ਉਤੇ ਚਲ ਰਹੀ ਵੀਡੀਓ ਛੇਤੀ ਨਾਲ ਪਾਜ਼ ਕਰਕੇ ਕੰਨਾਂ 'ਚੋਂ ਈਅਰਫੋਨ ਕੱਢਦੀ ਰਸ਼ਿਮ ਬੋਲੀ,"ਕੁਝ ਕਿਹੈ?"

"ਕੁਝ ਖਾਸ ਨਹੀਂ, ਏਹੋ ਕਿ ਕਿਤੇ ਵਿਛੜੇ ਹੀ ਨਾ ਮਰ ਜਾਈਏ!" ਬਿਨਾਂ ਪਾਸਾ ਪਰਤਿਆਂ ਸਰਬਜੀਤ ਬੋਲਿਆ। ਉਹਨੂੰ ਮੋਢੇ ਤੋਂ ਫੜ ਕੇ ਸਿੱਧਾ ਕਰਦੀ ਰਸ਼ਿਮ ਬੋਲੀ, "ਲੈ ਹੈ! ਇਹ ਕੀ ਗੱਲ ਹੋਈ? ਤੇਰੇ ਕੋਲ ਤਾਂ ਪਈ ਹਾਂ!"

"ਕਿਥੇ? ਤੂੰ ਵਟਸਐਪ ਤੇ ਫੇਸਬੁਕ ਉਤੇ ਆਪਣੇ ਫਰੈਂਡਜ਼ ਨਾਲ ਮਸਤ ਹੈਂ...ਤੇ ਮੈਂ ਏਥੇ ਇਕੱਲਾ..ਵਿਛੋੜਾ ਈ ਐ.."। ਰਸ਼ਿਮ ਨੂੰ ਇਕਦਮ ਕੋਈ ਜਵਾਬ ਨਾ ਔੜਿਆ। ਸਰਬਜੀਤ ਹੀ ਫਿਰ ਬੋਲਿਆ," ਆਹ ਜਦੋਂ ਤੋਂ ਚਾਰ ਕੁ ਸਾਲ ਤੋਂ ਮਹਿੰਗਾ ਜਿਹਾ ਫੋਨ ਲੈ ਲਿਆ, ਤੂੰ ਤਾਂ ਪਰਿਵਾਰ ਨਾਲੋਂ ਹੀ ਦੂਰ ਹੋਈ ਜਾਨੀ ਐਂ, ਤੇਰੀ ਦੇਖਾ-ਦੇਖੀ ਨਿਆਣੇ ਵੀ ਸਕੂਲੋਂ ਆ ਕੇ ਏਹੋ ਫੜ ਕੇ ਬਹਿ ਜਾਂਦੇ ਐ, ਰੋਟੀ ਖਾਣ ਵੇਲੇ ਵੀ...।"

"ਹੁਣ ਜੇ ਤੁਹਾਡੇ ਤੋਂ ਇਹ ਨਹੀਂ ਕਰ ਹੁੰਦਾ ਤਾਂ ਸਾਰੇ ਟੱਬਰ ਵਿਚ ਤਾਂ ਨਾ ਨੁਕਸ ਕੱਢੀ ਜਾਓ!"
"ਜੇ ਮੇਰੀ ਨਿਗਾਹ ਠੀਕ ਹੁੰਦੀ ਤਾਂ ਮੈਂ ਵੀ ਏਸੇ ਖਲਜਗਣ 'ਚ ਫਸਿਆ ਹੋਣਾ ਸੀ, ਮੇਰਾ ਤਾਂ ਦਸਾਂ ਮਿੰਟਾਂ 'ਚ ਮੱਥਾ ਪਾਟਣ ਲੱਗ ਜਾਂਦੈ।" "ਚਲੋ ਛੱਡੋ ਪਰ੍ਹਾਂ,"ਸੌਂ ਜਾਓ!"

"ਨੀਂਦ ਕਿਹੜਾ ਆਉਂਦੀ ਐ? ਅੱਗੇ ਸੌਣ ਤੋਂ ਪਹਿਲਾਂ ਆਪਾਂ ਘਰ ਦੀਆਂ, ਸਾਰੇ ਦਿਨ ਦੀਆਂ ਕਿੰਨੀਆਂ ਗੱਲਾਂ ਸਾਂਝੀਆਂ ਕਰਦੇ ਹੁੰਦੇ ਸੀ, ਹੁਣ ਕੁਝ ਕਹਿਣ ਨੂੰ ਜੀਅ ਕਰਦੈ ਤਾਂ ਤੇਰੇ ਕੰਨਾਂ 'ਚ ਫਸੇ ਬੀਂਡੇ ਤੇ ਅੱਖਾਂ ਮੂਹਰੇ ਫੋਨ ਦੇਖ ਕੇ ਸੋਚਦਾਂ ਚਲ ਫੇਰ ਸਹੀ, ਤੇ ਫੇਰ ਗੱਲ ਈ ਭੁੱਲ ਜਾਂਦੀ ਐ।"

"ਦੇਖ ਸਰਬਜੀਤ! ਜਿਹੜੇ ਏਨੇ ਫੇਸਬੁਕ ਤੇ ਵਟਸਐਪ 'ਤੇ ਫਰੈਂਡਜ਼ ਬਣੇ ਨੇ, ਉਹਨਾਂ ਦੀਆਂ ਪੋਸਟਾਂ ਉਤੇ ਕਮੈਂਟ ਕਰਨਾ, ਉਹਨਾਂ ਦੇ ਦੁਖ-ਸੁਖ 'ਚ ਵਾਜਬ ਕਮੈਂਟਰੀ ਕਰਨਾ ਫ਼ਰਜ਼ ਤਾਂ ਬਣਦੈ ਨਾ!"
"ਤੇ ਆਪਣਿਆਂ ਦੇ ਦੁਖ-ਸੁਖ..?" ਸਰਬਜੀਤ ਫੁਸਫੁਸਾਉਂਦਾ ਹੋਇਆ ਫਿਰ ਦੂਜੇ ਪਾਸੇ ਨੂੰ ਮੂੰਹ ਕਰ ਕੇ ਪੈ ਗਿਆ।

# ਚਾਨਣ ਦਾ ਫੁੱਲ

**ਡਾ. ਗੁਰਮਿੰਦਰ ਕੌਰ ਸਿੱਧੂ, ਸਰੀ (ਕੈਨੇਡਾ)**



ਕੂੜ ਅਮਾਵਸ ਨ੍ਹੇਰ ਚੁਤਰਫੀਂ , ਸੋਚ ਨੂੰ ਕਾਂਬਾ ਛਿੜਿਆ
ਨਿਰਬਲ ਨਿਰਛਲ ਅੱਖਾਂ ਅੰਦਰ ਖੂਹ ਹੰਝੂਆਂ ਦਾ ਗਿੜਿਆ
ਕਾਲੀ ਰੁੱਤ ਦਾ ਚੀਰ ਕੇ ਪਰਦਾ , ਪ੍ਰਗਟਿਆ ਗੁਰੂ ਨਾਨਕ
ਸਮਿਆਂ ਦੀ ਟਾਹਣੀ ਦੇ ਉਤੇ , 'ਚਾਨਣ ਦਾ ਫੁੱਲ' ਖਿੜਿਆ
ਏਸ ਫੁੱਲ ਦੀ ਲੋਅ ਨਿਰਾਲੀ, ਕੰਡਿਆਂ ਵਿੱਚ ਮੁਸਕਾਏ
ਜਿਥੇ ਜਿਥੇ ਧੁੰਦ ਦਾ ਪਹਿਰਾ , ਉਥੇ ਉਥੇ ਜਾਏ
ਪੰਡਿਤ , ਪਾਂਧੇ, ਮੁੱਲਾ, ਸਭ ਨੂੰ ਰੱਬ ਦਾ ਰਾਹ ਦਿਖਾਇਆ
ਇਸ ਲੋਅ ਨੇ ਤਾਂ ਉੱਗਦਿਆਂ ਹੀ , ਚਾਨਣ ਦੇ ਰੁੱਖ ਲਾਏ
ਏਸ ਫੁੱਲ ਦਾ ਰੂਪ ਨਿਰਾਲਾ , ਰੂਹ ਦਾ ਚਿੱਕੜ ਧੋਵੇ
ਉਚਾਂ ਤਾਂਈਂ ਸਬਕ ਪੜ੍ਹਾਵੇ , ਨੀਚਾਂ ਸੰਗ ਖੜੋਵੇ
ਕਿਰਤੀ ਲਾਲੋ ਦੀ ਰੋਟੀ 'ਚੋਂ ਟਪਕਣ ਦੁੱਧ ਦੇ ਤੁਪਕੇ
ਲੋਟੂ ਭਾਗੋ ਦੀ ਪੂਰੀ 'ਚੋਂ ਰੱਤ ਮਜ਼ਲੂਮ ਦੀ ਚੋਵੇ
ਏਸ ਫੁੱਲ ਦੀ ਮਹਿਕ ਨਿਰਾਲੀ , ਧੂੰਏਂ ਦੀ ਜੜ੍ਹ ਵੱਢੇ
ਵਹਿਮਾਂ ਭਰਮਾਂ ਦੀ ਦਲਦਲ ਵਿੱਚ ਫਸੀ ਮਨੁੱਖਤਾ ਕੱਢੇ
ਔਰਤ ਦੇ ਸਨਮਾਨ ਦਾ ਛਿੱਟਾ ਦੇਵੇ ਮਨ ਦੇ ਵਿਹੜੇ
ਜ਼ੇਹਨ ਦਿਆਂ ਖੇਤਾਂ ਦੇ ਅੰਦਰ ਪ੍ਰੇਮ ਦੀ ਜੀਰੀ ਗੱਡੇ
ਏਸ ਫੁੱਲ ਦੀ ਟਹਿਕ ਨਿਰਾਲੀ , ਡਾਢੇ ਨੂੰ ਵੰਗਾਰੇ
ਕੌਡੇ ਰਾਖਸ਼ , ਵਲੀ ਕੰਧਾਰੀ , ਸੱਜਣ ਠੱਗ ਜਹੇ ਤਾਰੇ
ਨਿਰਦੋਸ਼ਾਂ ਦੀਆਂ ਚੀਕਾਂ ਨੇ ਜਦ ਅੰਬਰ ਬੋਲ਼ਾ ਕੀਤਾ
ਉਸ ਨੇ ਉਚੀਆਂ ਬਾਹਵਾਂ ਕਰਕੇ ਬਾਬਰ ਜਹੇ ਲਲਕਾਰੇ

ਭਗਤ ਰਵਿਦਾਸ ਜੀ ਦੇ ਜਨਮ ਦਿਨ ਤੇ ਵਿਸ਼ੇਸ਼

## ਬੇਗਮ ਪੁਰਾ ਸਹਰ ਕੋ ਨਾਉ॥

**ਗੁਰਦੀਸ਼ ਕੌਰ ਗਰੇਵਾਲ ਕੈਲਗਰੀ (ਕੈਨੇਡਾ)**

ਮੱਧ ਕਾਲ ਦਾ ਸਮਾਂ ਭਾਰਤ ਵਰਸ਼ ਵਿੱਚ ਭਗਤੀ ਕਾਲ ਵਜੋਂ ਜਾਣਿਆਂ ਜਾਂਦਾ ਹੈ। ਇਸ ਕਾਲ ਵਿੱਚ ਪੈਦਾ ਹੋਏ ਸਿਰਮੌਰ ਭਗਤਾਂ ਵਿਚ, ਰਵਿਦਾਸ ਜੀ ਦਾ ਨਾਮ ਬੜੀ ਸ਼ਰਧਾ ਨਾਲ ਲਿਆ ਜਾਂਦਾ ਹੈ। ਇਹਨਾਂ ਦਾ ਜਨਮ, ਪਿਤਾ ਸ੍ਰੀ ਰਘੂ ਜੀ ਦੇ ਘਰ, ਮਾਤਾ ਧੁਰਬਿਨਿਆ ਜੀ ਦੀ ਕੁੱਖੋਂ, ਫਰਵਰੀ, 1398 ਵਿੱਚ, ਬਨਾਰਸ (ਯੂ.ਪੀ.)ਵਿਖੇ ਹੋਇਆ- ਜਿਸ ਨੂੰ ਉਸ ਸਮੇਂ ਵਾਰਾਨਸੀ ਕਿਹਾ ਜਾਂਦਾ ਸੀ ਤੇ ਜੋ ਹਿੰਦੂਆਂ ਦੇ ਗੜ੍ਹ ਵਜੋਂ ਜਾਣਿਆਂ ਜਾਂਦਾ ਸੀ। ਮਨੂੰ ਸਿਮ੍ਰਤੀ ਅਨੁਸਾਰ, ਉਸ ਸਮੇਂ ਸਾਰਾ ਸਮਾਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ- ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਬ੍ਰਾਹਮਣ ਆਪਣੇ ਆਪ ਨੂੰ ਉੱਚ ਜਾਤੀ ਦੇ ਅਖਵਾਉਂਦੇ ਸਨ- ਤੇ ਸ਼ੂਦਰਾਂ ਨੂੰ ਨੀਚ ਜਾਤ ਕਰਕੇ ਜਾਣਿਆਂ ਜਾਂਦਾ ਸੀ। ਇਸ ਜਾਤ ਵਾਲਿਆਂ ਵਲੋਂ ਧਾਰਮਿਕ ਗੱਲ ਕਹੀ ਜਾਣੀ ਤਾਂ ਦੂਰ ਦੀ ਗੱਲ, ਸੁਣਨੀ ਵੀ ਘੋਰ ਅਪਰਾਧ ਮੰਨਿਆਂ ਜਾਂਦਾ ਸੀ

ਅਜੇਹੇ ਸਮੇਂ ਭਗਤ ਰਵਿਦਾਸ ਜੀ ਦੇ ਅੰਦਰੋਂ ਸੰਗੀਤਮਈ ਬਾਣੀ, ਇੱਕ ਨਿਰਮਲ ਝਰਨੇ ਦੀ ਤਰ੍ਹਾਂ ਪ੍ਰਗਟ ਹੋਈ। ਉਹਨਾਂ ਵਲੋਂ ਨਿਧੜਕ ਹੋ ਕੇ ਪ੍ਰਭੂ ਦੀ ਉਸਤਤ ਗਾਉਣੀ, ਇੱਕ ਕ੍ਰਾਂਤੀਕਾਰੀ ਕਦਮ ਸੀ- ਜਦ ਕਿ ਉਹਨਾਂ ਦੀ ਜਾਤ ਦੇ ਲੋਕਾਂ ਨੂੰ ਕਿਸੇ ਵਿਦਿਆ ਮੰਦਰ ਦੇ ਨੇੜੇ ਢੁੱਕਣ ਦੀ ਵੀ ਆਗਿਆ ਨਹੀਂ ਸੀ। ਪਰ ਰੂਹਾਨੀ ਪ੍ਰਕਾਸ਼ ਲਈ ਦੁਨਿਆਵੀ ਵਿਦਵਤਾ ਦੀ ਬਹੁਤੀ ਜਰੂਰਤ ਨਹੀਂ ਹੁੰਦੀ। ਰਵਿਦਾਸ ਜੀ ਨਿਮਾਣੇ ਨਿਤਾਣੇ ਲੋਕਾਂ ਲਈ ਮਸੀਹਾ ਬਣ ਕੇ ਆਏ। ਉਹਨਾਂ ਨੇ, ਆਰਥਿਕ ਤੇ ਸਮਾਜਿਕ ਤੌਰ ਤੇ ਪਛੜੇ, ਤੇ ਕਰਮਕਾਂਡਾਂ ਦੇ ਭਾਰ ਹੇਠ ਦੱਬੇ ਹੋਏ ਭਾਰਤੀ ਸਮਾਜ ਵਿੱਚ, ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਸਾਹਸ ਪੈਦਾ ਕੀਤਾ। ਉਹਨਾਂ ਨੇ ਆਪਣੀ ਵਿਚਾਰਧਾਰਾ ਰਾਹੀਂ, ਬੁੱਤ ਪੂਜਾ, ਜਾਤ ਪਾਤ ਦਾ ਹੰਕਾਰ ਤੇ ਖੋਖਲੇ ਕਰਮਕਾਂਡਾਂ ਦਾ ਜ਼ੋਰਦਾਰ ਖੰਡਨ ਕੀਤਾ। ਉਹ ਜਨ ਸਧਾਰਨ ਨੂੰ ਨਿਡਰ, ਸੁਖੀ ਤੇ ਸੁਤੰਤਰ ਜੀਵਨ ਜਿਉਣ ਦੇ ਸਮਰੱਥ ਬਣਾ, 'ਬੇਗਮ ਪੁਰੇ' ਦੇ ਵਾਸੀ ਦੇਖਣਾ ਚਾਹੁੰਦੇ ਸਨ, ਜਿੱਥੇ ਹਰ ਇਨਸਾਨ ਵਿੱਚ ਪ੍ਰਮਾਤਮਾ ਦੀ ਹੋਂਦ ਜਾਣ ਕੇ, ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਛੇ ਗੁਰੂ ਸਾਹਿਬਾਨ ਦੇ ਨਾਲ ਉਨੱਤੀ ਹੋਰ ਬਾਣੀਕਾਰਾਂ ਦੀ ਬਾਣੀ ਦਰਜ ਹੈ- ਜਿਸ ਵਿੱਚ 15 ਭਗਤ, 11 ਭੱਟ ਤੇ 3 ਗੁਰਸਿੱਖ ਸ਼ਾਮਲ ਹਨ। ਇਸ ਵਿੱਚ ਕਿਸੇ ਦੇ ਧਰਮ-ਜਾਤ ਨੂੰ ਨਹੀਂ ਵਿਚਾਰਿਆ ਗਿਆ, ਸਗੋਂ ਜੋ ਬਾਣੀ ਗੁਰੂ ਨਾਨਕ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ, ਉਸ ਨੂੰ ਦਰਜ ਕੀਤਾ ਗਿਆ। ਸੋ ਹੋਰ ਭਗਤਾਂ ਦੇ ਨਾਲ ਹੀ, ਭਗਤ ਰਵਿਦਾਸ ਜੀ ਦੀ ਬਾਣੀ ਦੇ 40 ਸ਼ਬਦ, ਜੋ 16 ਰਾਗਾਂ ਵਿੱਚ ਹਨ- ਨੂੰ ਵੀ ਇਸ ਵਿੱਚ ਸਤਿਕਾਰਯੋਗ ਸਥਾਨ ਪ੍ਰਦਾਨ ਕੀਤਾ ਗਿਆ।

ਰਵਿ ਦਾਸ ਜੀ ਦੀ ਕੁਲ ਦੇ ਲੋਕ ਚਮੜੇ ਦਾ ਕੰਮ ਕਰਦੇ ਸਨ। ਮਰੇ ਹੋਏ ਪਸ਼ੂਆਂ ਦਾ ਚਮੜਾ ਉਤਾਰਨਾ, ਚਮੜੇ ਦੀਆਂ ਜੁੱਤੀਆਂ ਬਨਾਉਣਾ ਤੇ ਜੁੱਤੀਆਂ ਗੰਢਣਾ ਹੀ, ਇਹਨਾਂ ਦੀ ਕਿਰਤ ਸੀ। ਭਗਤ ਜੀ ਨੇ ਆਪਣੀ ਬਾਣੀ ਵਿੱਚ, ਆਪਣੀ ਜਾਤ ਤੇ ਕਿਰਤ ਨੂੰ ਕਿਤੇ ਵੀ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਸਗੋਂ ਆਪ ਬੜੇ ਮਾਣ ਨਾਲ ਕਹਿ ਰਹੇ ਹਨ-

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ**
**ਓਛਾ ਜਨਮੁ ਹਮਾਰਾ॥**
**ਤੁਮ ਸਰਨਾਗਤਿ ਰਾਜਾ ਰਾਮ ਚੰਦ**
**ਕਹਿ ਰਵਿਦਾਸ ਚਮਾਰਾ॥ (ਅੰਗ 659)**

ਬ੍ਰਾਹਮਣਾਂ ਤੇ ਪੁਜਾਰੀਆਂ ਦੁਆਰਾ ਆਰਤੀ ਤੇ ਪੂਜਾ ਲਈ ਵਰਤੀ ਜਾਣ ਵਾਲੀ ਸਮੱਗਰੀ ਵਿੱਚ ਸ਼ਾਮਲ ਵਸਤਾਂ ਸਬੰਧੀ, ਰਵਿਦਾਸ ਆਪਣੀ ਬਾਣੀ ਵਿੱਚ ਕਹਿ ਰਹੇ ਹਨ ਕਿ- ਇਹ ਸਭ ਪਹਿਲਾਂ ਹੀ ਜੂਠੀਆਂ ਹੋ ਚੁੱਕੀਆਂ ਹਨ- ਕਿਉਂਕਿ ਦੁੱਧ ਵੱਛੇ ਨੇ, ਚੰਦਨ ਦੀ ਲਕੜੀ ਸੱਪ ਨੇ, ਫੁੱਲ ਭੰਵਰੇ ਨੇ, ਜਲ ਮਛਲੀ ਨੇ..ਜੂਠਾ ਕੀਤਾ ਹੋਇਆ ਹੈ। ਉਹਨਾਂ ਅਨੁਸਾਰ- ਉਸ ਪ੍ਰਭੂ ਦੀ ਪੂਜਾ ਜਾਂ ਆਰਤੀ ਕਰਨ ਲਈ ਇਹਨਾਂ ਦਿਖਾਵੇ ਦੇ ਅਡੰਬਰਾਂ ਦੀ ਲੋੜ ਨਹੀਂ- ਸਗੋਂ ਉਸ ਦੇ ਸੱਚੇ ਨਾਮ ਨਾਲ

ਜੁੜਨਾ ਹੀ, ਉਸ ਦੀ ਆਰਤੀ ਤੇ ਭੋਗ ਹੈ। ਸੋ ਇਸ ਤਰ੍ਹਾਂ ਜਦ ਬ੍ਰਾਮਣਵਾਦ ਕਰਮ ਕਾਂਡਾਂ ਤੇ ਮੂਰਤੀ ਪੂਜਾ ਵਿੱਚ ਫਸਿਆ ਹੋਇਆ ਸੀ, ਉਸ ਵੇਲੇ ਰਵਿਦਾਸ ਜੀ ਇੱਕ ਨਿਰਗੁਣ ਸਰੂਪ ਪ੍ਰਭੂ ਦੀ ਭਗਤੀ ਕਰਦੇ।

ਰਵਿਦਾਸ ਜੀ ਦੇ ਅੰਦਰ ਪ੍ਰਭੂ-ਪ੍ਰੇਮ, ਵੈਰਾਗ ਤੇ ਨਿਮਰਤਾ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹਨਾਂ ਕਿਰਤ 'ਚੋਂ ਹੀ ਕਰਤੇ ਦੇ ਦਰਸ਼ਨ ਕਰ ਲਏ ਅਤੇ ਉਸ ਸੱਚੇ ਮਾਲਕ ਨਾਲ ਸੱਚੀ ਗੰਢ ਪਾ ਲਈ। ਆਪ ਫੁਰਮਾ ਰਹੇ ਹਨ-

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਿਕ ਕਟਿਕ ਜਲ ਤਰੰਗ ਜੈਸਾ॥ (ਅੰਗ 93)**

ਭਾਵ ਹੇ ਪ੍ਰਮਾਤਮਾ! ਤੇਰੇ ਤੇ ਮੇਰੇ ਜਾਂ ਮੇਰੇ ਤੇ ਤੇਰੇ ਵਿੱਚ ਹੁਣ ਕੇਵਲ ਇੰਨਾ ਕੁ ਹੀ ਫਰਕ ਹੈ- ਜਿੰਨਾ ਸੋਨਾ ਤੇ ਸੋਨੇ ਦੇ ਕੜੇ ਵਿੱਚ ਜਾਂ ਪਾਣੀ ਤੇ ਪਾਣੀ ਦੀ ਲਹਿਰ ਵਿੱਚ ਹੈ।
ਉਹਨਾਂ ਦੀ ਬਾਣੀ ਇਹ ਵੀ ਉਪਦੇਸ਼ ਦਿੰਦੀ ਹੈ ਕਿ ਰੱਬ ਨੂੰ ਪਾਉਣ ਲਈ 'ਹਉਮੈਂ' ਦਾ ਤਿਆਗ ਕਰਨਾ ਪਏਗਾ-

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ (ਅੰਗ 657)**

ਜਦ ਰਵਿਦਾਸ ਜੀ ਦੀ ਬਾਣੀ ਦੀ ਮਹਿਕ ਦੂਰ ਦੂਰ ਤੱਕ ਖਿੰਡ ਗਈ ਤਾਂ ਕਾਂਸ਼ੀ ਦੇ ਕਈ ਵਿਦਵਾਨ ਪੰਡਤ ਇਹਨਾਂ ਦੀਆਂ ਦਲੀਲਾਂ ਦੇ ਕਾਇਲ ਹੋ ਕੇ, ਇਹਨਾਂ ਦੇ ਚਰਨਾਂ ਤੇ ਢਹਿ ਪਏ। ਇਹ ਕੌਤਕ ਦੇਖ ਕੇ, ਆਪ ਜੀ ਦੇ ਨੇਤਰਾਂ ਵਿਚੋਂ ਪ੍ਰਭੂ ਦੇ ਵੈਰਾਗ ਵਿੱਚ ਜਲ ਵਹਿ ਤੁਰਿਆ ਤੇ ਆਪ ਪ੍ਰਭੂ-ਪ੍ਰੇਮ ਵਿੱਚ ਭਿੱਜ ਕੇ ਉਚਾਰਣ ਕਰਨ ਲੱਗੇ-

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ (ਅੰਗ 1106)**

ਪ੍ਰਭੂ-ਪ੍ਰੀਤ ਵਿੱਚ ਭਿਜੀ ਹੋਈ ਆਤਮਾ ਹੀ ਇਹ ਪੁਕਾਰ ਸਕਦੀ ਹੈ-

**ਬਹੁਤ ਜਨਮ ਬਿਛੁਰੇ ਥੇ ਮਾਧਉ**
**ਇਹੁ ਜਨਮੁ ਤੁਮ੍ਹਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ॥ (ਅੰਗ 694)**

ਜਦ ਰਵਿਦਾਸ ਜੀ ਨੂੰ ਲੋਕ ਪੁੱਛਣ ਲੱਗੇ- "ਤੁਸੀਂ ਕੌਣ ਹੋ ਤੇ ਕਿਸ ਸ਼ਹਿਰ ਦੇ ਵਾਸੀ ਹੋ?" ਤਾਂ ਉਨ੍ਹਾਂ ਕਿਹਾ

**ਬੇਗਮ ਪੁਰਾ ਸਹਰ ਕੋ ਨਾਉ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥.. (ਅੰਗ 345)**

ਇਹ ਬੇਗਮਪੁਰਾ ਇਸ ਦੁਨੀਆਂ ਦੇ ਨਕਸ਼ੇ ਤੇ ਕਿਤੇ ਵੀ ਨਹੀਂ ਹੈ। ਉਹ ਲੋਕਾਂ ਨੂੰ ਦਸ ਰਹੇ ਹਨ ਕਿ ਜਿਸ ਆਤਮਕ ਅਵਸਥਾ ਰੂਪੀ ਸ਼ਹਿਰ ਵਿੱਚ ਮੈਂ ਵੱਸਦਾ ਹਾਂ, ਉਸ ਦਾ ਨਾਮ ਹੈ- 'ਬੇ-ਗਮ ਪੁਰਾ' ਭਾਵ ਉਥੇ ਕੋਈ ਗ਼ਮ ਨਹੀਂ ਹੈ। ਉਸ ਥਾਂ ਤੇ ਨਾ ਹੀ ਕੋਈ ਦੁੱਖ ਹੈ, ਨਾ ਕੋਈ ਚਿੰਤਾ। ਅੱਜ ਲੋੜ ਹੈ ਉਹਨਾਂ ਦੇ ਕਿਰਤੀ ਜੀਵਨ ਤੇ ਉੱਚੀ ਸੁੱਚੀ ਰੱਬੀ ਬਾਣੀ ਤੋਂ ਸੇਧ ਲੈਂਦੇ ਹੋਏ, ਉਸ ਅਕਾਲ ਪੁਰਖ ਨਾਲ ਸੱਚੀ ਪ੍ਰੀਤ ਗੰਢਣ ਦਾ ਯਤਨ ਕਰੀਏ, ਤਾਂ ਕਿ ਸਾਡੀ ਆਤਮਾ ਦੀ, ਪਰਮਾਤਮਾ ਤੋਂ ਪਈ ਹੋਈ ਵਿੱਥ ਵੀ ਕੁੱਝ ਘਟ ਜਾਵੇ ਤੇ ਅਸੀਂ ਭਗਤ ਰਵਿਦਾਸ ਜੀ ਦੇ ਦਸੇ 'ਬੇਗਮ ਪੁਰਾ ਸਹਰ' ਵਾਲੀ ਸਥਿਤੀ ਨੂੰ ਪਹੁੰਚਣ ਦਾ ਯਤਨ ਕਰਦੇ ਹੋਏ, ਲੋਕ ਸੁਖੀਏ ਪ੍ਰਲੋਕ ਸੁਹੇਲੇ ਬਣ ਜਾਈਏ!

# ਜਿੱਤ ਜਾਂ ਫਤਿਹ?

**ਸੁਰਜੀਤ ਸਿੰਘ ਵਿਰਕ ਸਰੀ (ਕੈਨੇਡਾ)**
**+1-6046181799**

ਹਰ ਬੱਚਾ ਜਦੋਂ ਤੋਂ ਸੁਰਤ ਸੰਭਾਲ਼ਦਾ ਉਹ ਆਪ ਦੇ ਨਾਲ ਦੇ ਹਾਣ ਦਿਆਂ ਨਾਲ ਖੇਡਣਾ ਸ਼ੁਰੂ ਕਰਦਾ ਤੇ ਫੇਰ ਜਿੱਤ ਹਾਰ ਦੀ ਗੱਲ ਸ਼ੁਰੂ ਹੁੰਦੀ ਹੈ। ਨਿੱਕੀਆਂ ਨਿੱਕੀਆਂ ਖੇਡਾਂ ਵਿੱਚ ਜਿੱਤ ਲਈ ਜ਼ੋਰ ਲਾਇਆ ਜਾਂਦਾ। ਪਹਿਲਾਂ ਇਹ ਖੇਡਾਂ ਛੋਟੇ ਰੂਪ 'ਚ ਹੁੰਦੀਆਂ। ਫੇਰ ਜਦੋਂ ਵੱਡੇ ਹੋਏ ਤਾਂ ਇਹੀ ਖੇਡਾਂ ਸੰਸਾਰ ਪੱਧਰ ਤੇ ਵੀ ਬਣੀਆਂ ਤੇ ਸਾਰੇ ਦੇਸ਼ ਜਿੱਤਣ ਲਈ ਜ਼ੋਰ ਲਾਉਂਦੇ ਨੇ। ਕਦੀ ਇਹ ਟੀਮ ਬਣ ਕੇ ਖੇਡੀਆਂ ਜਾਂਦੀਆਂ ਤੇ ਕਿਤੇ ਕੱਲਾ ਕੱਲਾ ਇਕ ਦੂਜੇ ਨੂੰ ਜਿੱਤਦਾ। ਜਿੱਥੇ ਜਿੱਤ ਬਣੀ ਹੈ ਉੱਥੇ ਹਾਰ ਵੀ ਨਾਲ ਹੀ ਬਣੀ ਹੈ। ਕੋਈ ਵੀ ਜਿੱਤਣ ਵਾਲਾ ਅੱਜ ਤੱਕ ਨਹੀਂ ਹੋਇਆ ਜੋ ਅਖੀਰ ਨੂੰ ਹਾਰਿਆ ਨ ਹੋਵੇ। ਉਮਰ ਦੇ ਹਿਸਾਬ ਨਾਲ ਜਾਂ ਦੂਜੇ ਦੇ ਜ਼ੋਰ ਨਾਲ ਕਦੀ ਨ ਕਦੀ ਬੰਦਾ ਹਾਰ ਜਾਂਦਾ। ਸਰੀਰ ਦਾ ਜ਼ੋਰ ਉਮਰ ਨਾਲ ਖਤਮ ਹੋ ਜਾਂਦਾ ਜਾਂ ਬੀਮਾਰੀ ਅੱਗੇ ਹਾਰ ਗਿਆ। ਹਰ ਗੱਲ ਦੇ ਦੋ ਪਹਿਲੂ ਹਨ। ਜਿੱਥੇ ਸੁੱਖ ਹੈ ਉੱਥੇ ਦੁੱਖ ਹੈ ਜਿੱਥੇ ਚਾਨਣ ਹੈ ਉੱਥੇ ਹਨੇਰw ਵੀ ਹੈ। ਜਿੱਥੇ ਗਿਆਨ ਹੈ ਉੱਥੇ ਅਗਿਆਨ ਵੀ ਹੈ। ਜਿੱਥੇ ਤਾਕਤ ਹੈ ਉੱਥੇ ਕਮਜ਼ੋਰ ਵੀ ਹੈ। ਜਿੱਥੇ ਖੁਸ਼ੀ ਹੈ ਉੱਥੇ ਗ਼ਮੀ ਵੀ ਹੈ।

ਸਾਡੇ ਗੁਰ- ਪੀਰਾਂ ਨੇ ਕੁਝ ਲਫਜ਼ ਇਹੋ ਜਿਹੇ ਦਿੱਤੇ ਨੇ ਜੋ ਮਨੁੱਖ ਦੇ ਮਨ ਦੀ ਅਵਸਥਾ ਨੂੰ ਸਦੀਵੀ ਕਰ ਦਿੰਦੇ ਨੇ। ਜਿਵੇਂ ਗੁਰੂ ਅਮਰਦਾਸ ਜੀ ਨੇ ਅਨੰਦ ਲਫਜ਼ ਦੀ ਬਖਸ਼ਿਸ਼ ਕੀਤੀ ਹੈ । ਅਨੰਦ ਚ ਰਹਿਣ ਵਾਲਾ ਹਮੇਸ਼ਾ ਚੜ੍ਹਦੀ ਕਲਾ 'ਚ ਰਹੇਗਾ । ਅਨੰਦ ਦੇ ਉਲਟ ਲਫਜ਼ ਸ਼ਾਇਦ ਹੀ ਮਿਲੇ । ਸਿਰਫ਼ ਜਿੱਤ ਹੀ ਹੈ ਜੋ ਹਰਾ ਕੇ ਮਿਲਦੀ ਹੈ । ਜਿੱਥੇ ਇਕ ਧਿਰ ਜਿੱਤਦੀ ਹੈ ਦੂਜੀ ਹਾਰਦੀ ਹੈ [ ਇਹ ਚਾਹੇ ਕੌਮਾਂ ਦੀ ਗੱਲ ਹੋਵੇ ਜਾਂ ਦੇਸ਼ਾਂ ਦੀ ਲੜਾਈ ਦੀ ਗੱਲ ਹੋਵੇ । ਸਿੱਖਾਂ ਨੇ ਬਹੁਤ ਮੋਰਚੇ ਲਾਏ ਨੇ ਤੇ ਬਹੁਤ



ਕੁਰਬਾਨੀਆਂ ਦਿੱਤੀਆਂ ਜੋ ਸਮੇਂ ਤੇ ਲੱਗਦੀਆਂ ਹੋਣ ਕਿ ਉਹ ਹਾਰ ਗਏ ਪਰ ਹਾਰ ਉੱਥੇ ਹੁੰਦੀ ਹੈ ਜੋ ਜਿੱਤਣ ਲਈ ਲੜਿਆ ਜਾਵੇ ।

ਅਸੂਲਾਂ ਲਈ ਲੜਨ ਵਾਲਾ ਕਦੀ ਹਾਰਦਾ ਨਹੀਂ । ਭਾਈ ਮਤੀ ਦਾਸ ਜੀ ਸਤੀ ਦਾਸ ਜੀ ਭਾਈ ਦਿਆਲਾ ਜੀ ਤੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਕੇ ਹਕੂਮਤ ਸੋਚਦੀ ਹੋਣੀ ਹੈ ਕਿ ਉਹ ਜਿੱਤ ਗਏ । ਨਹੀਂ, ਉਹ ਮਰ ਕੇ ਵੀ ਫਤਹਿ ਪਾ ਗਏ, ਭਾਈ ਮਨੀ ਸਿੰਘ ਜੀ ਭਾਈ ਤਾਰੂ ਸਿੰਘ ਜੀ ਤੇ ਨਿੱਕੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਕੀ ਜਿੱਤ ਗਏ ? ਜਾਂ ਇਹ ਸ਼ਹੀਦੀਆਂ ਦੇਣ ਵਾਲੇ ਫਤਹਿ ਪਾ ਗਏ ?

ਚਮਕੌਰ ਦੀ ਜੰਗ ਵਿੱਚ ਕੌਣ ਜਿੱਤਿਆ? ਸਮੇਂ ਤੇ ਲੱਗਦਾ ਹੋਊ ਕਿ ਅਸੀਂ ਜਿੱਤ ਗਏ। ਔਰੰਗਜੇਬ, ਹਿਟਲਰ ਤੇ ਚੰਗੇਜ਼ ਖਾਨ ਵਰਗੇ ਸਮੇਂ ਤੇ ਜਿੱਤਦੇ ਰਹੇ ਸੀ ਤੇ ਅਖੀਰ ਨੂੰ ਫ਼ਤਿਹ ਕਿਸ ਦੀ ਹੋਈ? ਅੱਜ ਵੀ ਜੇ ਲੋਕ ਸੰਘਰਸ਼ ਕਰਦੇ ਨੇ ਤਾਂ ਉਹ ਜਿੱਤਦੇ ਨਹੀਂ ਉਹ ਫ਼ਤਿਹ ਪ੍ਰਾਪਤ ਕਰਦੇ ਨੇ ਕਿਉਂਕਿ ਸੱਚ ਕਦੀ ਵੀ ਨਾ ਜਿੱਤਦਾ ਹੈ ਤੇ ਨਾ ਹਰਾਇਆ ਜਾ ਸਕਦਾ। ਇਹ ਸਦੀਵੀ ਸੱਚ ਹੈ, ਸੱਚ ਸੀ ਤੇ ਸੱਚ ਹੀ ਰਹੇਗਾ।

**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥**

# ਧੁਰ ਅੰਦਰੋਂ

**ਡਾ. ਧਰਮਿੰਦਰ ਸਿੰਘ ਉੱਭਾ ਪਟਿਆਲਾ (ਭਾਰਤ)**

ਅਸੀਂ ਦਿਨੋ ਦਿਨ ਨਿਰਮੋਹੇ ਹੋ ਰਹੇ ਹਾਂ-ਜਜਬਾਤਾਂ ਤੋਂ ਸੱਖਣੇ, ਪਿਆਰ ਤੋਂ ਕੋਰੇ ਤੇ ਲਗਾਵ ਤੋਂ ਕੋਹਾਂ ਦੂਰ। ਹੋਰ ਤਾਂ ਹੋਰ ਆਪਣੇ ਆਪ ਨੂੰ ਵੀ ਮੋਹ ਕਰਨਾ ਭੁੱਲ ਗਏ ਹਾਂ। ਹਰ ਵੇਲੇ ਉਦਾਸੇ-ਉਦਾਸੇ, ਸ਼ਿਕਨ-ਸ਼ਿਕਵੇ, ਨਿਰਾਸ਼ ਤੇ ਟੁੱਟੇ-ਟੁੱਟੇ-ਚਿੜਚਿੜੇ ਜੇ ਸੁਭਾਅ ਵਾਲੇ। ਹੱਸ ਕੇ ਇੱਕ ਦੂਜੇ ਨੂੰ ਬੁਲਾਉਣਾ ਤਾਂ ਜਿਵੇਂ ਬੀਤੇ ਦੀ ਗੱਲ ਹੀ ਰਹਿ ਗਿਆ ਹੋਵੇ। ਜਦ ਮਿਲਦੇ ਹਾਂ ਉਲਾਂਭੇ ਹੀ ਦਈ ਜਾਂਦੇ ਹਾਂ, ਸ਼ਿਕਾਇਤਾਂ ਹੀ ਕਰੀ ਜਾਂਦੇ ਹਾਂ ਤੇ ਦੁਖੜੇ ਹੀ ਰੋਈ ਜਾਂਦੇ ਹਾਂ। ਇਹ ਵਰਤਾਰਾ ਘਰ-ਬਾਹਰ ਇੱਕੋ ਜਿਹਾ ਬਣਦਾ ਜਾ ਰਿਹਾ ਹੈ। ਕੋਈ ਟਾਵਾਂ ਹੀ ਅਜਿਹਾ ਟੱਕਰਦਾ ਜਿਹੜਾ ਘੁੱਟ ਕੇ ਮੋਹ ਭਿੱਜੀ ਗਲਵੱਕੜੀ ਪਾਉਣ ਵਾਲਾ ਹੋਵੇ।

ਨਹੀਂ ਤਾਂ ਮਿਲਦੇ ਸਮੇਂ ਇਹ ਡਰ ਹੀ ਹੁੰਦਾ ਕਿ ਇਸਦੇ ਪਿੱਛੇ ਕੀ ਛੁਪਿਆ ਹੋਇਆ। ਹਰ ਵੇਲੇ ਸ਼ੱਕ-ਸੰਦੇਹ ਤੇ ਧੋਖੇ ਦਾ ਆਲਮ। ਉਹ ਖੁੱਲ੍ਹੇ-ਡੁੱਲ੍ਹੇ, ਸ਼ੇਰ-ਦਿਲ, ਵਿਸ਼ਵਾਸਯੋਗ ਪੰਜਾਬੀ ਜਿਨ੍ਹਾਂ ਦੇ ਦੁਨੀਆਂ ਵਿੱਚ ਇੱਕ ਨਿਵੇਕਲਾ ਸੰਸਾਰ ਸੀ ਕਿਸੇ ਗ੍ਰਹਿਣ ਦੀ ਭੇਟ ਚੜ੍ਹ ਗਏ ਜਾਪਦੇ ਹਨ। ਮੁਹੱਬਤ ਦੇ ਵਗਦੇ ਦਰਿਆ ਸੁੱਕ ਰਹੇ ਹਨ। ਸਾਕ-ਸਕੀਰੀਆਂ ਸਮਾਪਤੀ ਵੱਲ ਵਧ ਰਹੀਆਂ ਹਨ। ਅਸੀਂ ਕੁਝ ਹੋਰ ਹੀ ਹੁੰਦੇ ਜਾ ਰਹੇ ਹਾਂ-ਸੁੱਕੇ, ਖੁਸ਼ਕ ਤੇ ਰੋਂਦੜ। ਆਓ ਯਾਰ! ਆਪਣਾ ਅਸਲੀ ਖਾਸਾ ਪਹਿਚਾਣੀਏ।

ਸਾਡੇ ਤਾਂ ਗੁਰਾਂ ਦੀ ਬਹੁਤ ਵੱਡੀ ਮੇਹਰ ਹੈ। ਸਰਬੱਤ ਦਾ ਭਲਾ ਮੰਗਣ ਵਾਲੇ, ਹਾਲ ਮੁਰੀਦਾਂ ਦਾ ਉਚਾਰਣ ਵਾਲੇ ਤੇ ਹਰ ਹਾਲ ਵਿੱਚ ਖੁਸ਼ ਰਹਿਣ ਦਾ ਸੁਨੇਹਾ ਦੇਣ ਵਾਲੇ ਮਹਾਨ ਵਿਰਸੇ ਦੇ ਮਾਲਕ ਹਾਂ ਅਸੀਂ। ਸਾਨੂੰ ਤਾਂ ਰਾਹ ਹੀ ਪ੍ਰੇਮ ਦਾ ਦਿਖਾਇਆ ਗਿਆ ਹੈ। ਫਿਰ ਉਦਾਸ ਤੇ ਨਿਰਾਸ਼ ਕਿਉਂ ਹੋਈਏ? ਤਨਾਵ ਵਿੱਚ ਕਿਉਂ ਆਈਏ? ਆਓ ਖੁੱਲ੍ਹਕੇ ਮਿਲੀਏ-ਖੁੱਲ੍ਹੀਆਂ ਬਾਹਾਂ

ਨਾਲ, ਖੁੱਲ੍ਹੇ ਦਿਲ ਨਾਲ ਤੇ ਖੁੱਲ੍ਹੀ ਸੋਚ ਨਾਲ। ਜੀਵਨ ਯਕੀਨਨ ਇੱਕ ਅਨਮੋਲ ਦਾਤ ਹੈ!



# ਗੁਰਬਾਣੀ ਤੋਂ ਉਪਦੇਸ਼

**ਬ੍ਰਿਜਮਿੰਦਰ ਕੌਰ, ਜੈਪੁਰ (ਭਾਰਤ)**

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥

O Goddess, grant me this that I may not hesitate from performing good actions.

There are few more sayings from Gurbani which continually remind us about the Importance of True Guru.

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ॥
Wherever I look, I see the Lord pervading there, in the union of Shiva and Shakti, of consciousness and matter.

ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥
One who meets with the Holy True Guru finds the Treasure of Excellence.

ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥
Serve the Lord, the Guru, the Sacred Pool, and you shall be honored

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥

Again and again, we hear, we read and write and understand. His Real Value is known only through the Wisdom of the Guru's Teachings.

ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ॥੪॥
One who sees that Light within each and every heart understands the Essence of the Guru's Teachings.

ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ॥

Those who understand are Gurmukh.



ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥

You are the Cherisher of all beings

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥

The Unstruck Melody of Gurbani is obtained, and egotism is eliminated.

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥
Day and night, continually serve the Lord God; the True Guru has given the Naam.

ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥

O Nanak, never forget the Naam, the Name

of the Lord; the True Lord shall bless you with His Mark of Grace.

ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ॥
One who does not forget the Naam, for a moment or even an instant-how rare is such a person in this world!

# ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ (21 ਫਰਵਰੀ)

**ਨਰਿੰਦਰ ਕੌਰ, ਕੈਲਗਰੀ (ਕੈਨੇਡਾ)**



ਯੂਨੈਸਕੋ (UNESCO) ਨੇ ਨਵੰਬਰ 1999 ਵਿਚ ਹਰ ਸਾਲ 21 ਫਰਵਰੀ ਦੇ ਦਿਨ ਨੂੰ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ। ਇਹ ਸਾਨੂੰ ਉਨ੍ਹਾਂ ਲੋਕਾਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੀ ਮਾਂ-ਬੋਲੀ ਦੀ ਸ਼ਾਨ ਲਈ ਆਪਣਾ ਸਾਰਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਨੇ 1952 ਤੋਂ ਰਾਜ ਭਾਸ਼ਾ ਨੂੰ ਲਾਗੂ ਕਰਨ ਦੇ ਵਿਰੁੱਧ ਵੱਡੇ ਪੱਧਰ 'ਤੇ ਸਾਰੀ ਦੁਨੀਆ ਵਿਚ ਵਿਰੋਧ ਪ੍ਰਦਰਸ਼ਨ ਕੀਤੇ। ਇਹ ਦਿਨ ਪਹਿਲੀ ਵਾਰ 21 ਫਰਵਰੀ, 2000 ਨੂੰ ਮਨਾਇਆ ਗਿਆ।

## ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਮਹੱਤਵਪੂਰਨ ਕਿਉਂ ਹੈ?

ਵਿਸ਼ਵੀਕਰਨ ਦੇ ਕਾਰਨ ਕਈ ਭਾਸ਼ਾਵਾਂ ਅਲੋਪ ਹੋਣ ਦੇ ਖ਼ਤਰੇ ਵਿੱਚ ਹਨ। ਦੁਨੀਆ ਭਰ ਵਿਚ ਅੰਦਾਜ਼ਨ 7000 ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਘੱਟੋ-ਘੱਟ 40% ਖ਼ਤਰੇ ਵਿੱਚ ਹਨ, ਅਤੇ ਉਨ੍ਹਾਂ ਦੀ ਬੌਧਿਕ ਵਿਰਾਸਤ ਵੀ ਇਸ ਦੇ ਨਾਲ ਖ਼ਤਮ ਹੋ ਰਹੀ ਹੈ। ਦੁਨੀਆ ਦੇ 40% ਲੋਕਾਂ ਕੋਲ ਆਪਣੀ ਮਾਂ-ਬੋਲੀ ਵਿੱਚ ਸਿੱਖਿਆ ਤੱਕ ਪਹੁੰਚ ਨਹੀਂ ਹੈ।

ਇਹ ਦਿਵਸ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਇਹਨਾਂ ਭਾਸ਼ਾਵਾਂ ਨੂੰ ਵਿਸਾਰਿਆ ਨਾ ਜਾਵੇ ਅਤੇ ਇਨ੍ਹਾਂ ਦੇ ਸੱਭਿਆਚਾਰ, ਵਿਰਸੇ ਅਤੇ ਇਤਿਹਾਸ ਨੂੰ ਬਰਕਰਾਰ ਰੱਖਿਆ ਜਾ ਸਕੇ। ਅੱਜ ਇਹ ਜਾਗਰੂਕਤਾ ਵਧ ਰਹੀ ਹੈ ਕਿ ਮਾਂ-ਭਾਸ਼ਾ ਵਿਕਾਸ, ਸੱਭਿਆਚਾਰਕ ਵਿਭਿੰਨਤਾ, ਅੰਤਰ-ਸੱਭਿਆਚਾਰਕ ਸੰਵਾਦ ਅਤੇ ਸਹਿਯੋਗ ਨੂੰ ਮਜ਼ਬੂਤ ਕਰਦੀ ਹੈ। ਸਾਰਿਆਂ ਲਈ ਮਿਆਰੀ ਸਿੱਖਿਆ ਪ੍ਰਾਪਤ ਕਰਨ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਮਾਤ-ਭਾਸ਼ਾਵਾਂ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

## ਸਵਦੇਸ਼ੀ ਭਾਸ਼ਾਵਾਂ ਦਾ ਆਗਾਮੀ ਦਹਾਕਾ

ਯੁਨੈਸਕੋ ਦੀ ਅਗਵਾਈ ਹੇਠ ਸਰਕਾਰਾਂ, ਸਵਦੇਸ਼ੀ ਨੇਤਾਵਾਂ, ਅਤੇ ਹੋਰ ਹਿੱਸੇਦਾਰਾਂ ਅਤੇ ਮਾਹਰਾਂ ਨੇ **ਸਵਦੇਸ਼ੀ ਭਾਸ਼ਾਵਾਂ ਦੇ ਦਹਾਕੇ (2022-2032)** ਲਈ ਕਾਰਜ ਦੀ ਇੱਕ ਵਿਸ਼ਵ ਪੱਧਰ ਦੀ ਯੋਜਨਾ ਲਈ ਸਿਫ਼ਾਰਸ਼ਾਂ ਨੂੰ ਅਪਣਾਇਆ ਹੈ। **ਲਾਸ ਪਿਨੋਸ ਘੋਸ਼ਣਾ** (Los Pinos Declaration) ਸਵਦੇਸ਼ੀ ਭਾਸ਼ਾਵਾਂ ਦੀ ਹੋਂਦ ਨੂੰ ਯਕੀਨੀ ਬਣਾਉਣ ਲਈ ਸਵਦੇਸ਼ੀ ਲੋਕਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਉਹਨਾਂ ਦੀ ਮਾਤ-ਭਾਸ਼ਾ ਵਿੱਚ ਸਿੱਖਿਆ ਅਤੇ ਉਹਨਾਂ ਦੀਆਂ ਭਾਸ਼ਾਵਾਂ ਦੀ ਵਰਤੋਂ ਕਰਦੇ ਹੋਏ ਜਨਤਕ ਜੀਵਨ ਵਿੱਚ ਭਾਗੀਦਾਰੀ ਦੇ ਅਧਿਕਾਰਾਂ 'ਤੇ ਜ਼ੋਰ ਦਿੰਦੀ ਹੈ।

ਸਾਨੂੰ ਇਸ ਦਿਨ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਘਰਾਂ ਵਿਚ ਸਿਰਫ਼ ਆਪਣੀ ਮਾਂ-ਬੋਲੀ ਵਿਚ ਹੀ ਗਲਬਾਤ ਕਰੀਏ ਅਤੇ ਚੰਗੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਪੜ੍ਹੀਏ। ਸਾਨੂੰ ਵਿਰਸੇ ਵਿਚ ਸੰਸਾਰ ਦਾ ਸਭ ਤੋਂ ਉੱਤਮ ਗਿਆਨ ਅਤੇ ਸਾਹਿਤ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਿਲਿਆ ਹੈ। ਵਾਰਿਸ ਸ਼ਾਹ, ਬਾਬਾ ਫ਼ਰੀਦ, ਬੁਲ੍ਹੇ ਸ਼ਾਹ, ਮੀਆਂ ਮੁਹੰਮਦ ਬਖਸ਼, ਸ਼ਾਹ ਮੁਹੰਮਦ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਨਾਨਕ ਸਿੰਘ, ਸੰਤ ਸਿੰਘ ਸੇਖੋਂ ਅਤੇ ਪ੍ਰੋਫੈਸਰ ਮੋਹਨ ਸਿੰਘ ਜਿਹੇ ਅਤੇ ਅਜੋਕੇ ਬੇਅੰਤ ਲੇਖਕਾਂ ਦੀਆਂ ਰਚਨਾਵਾਂ ਮੌਜੂਦ ਹਨ ਜਿਨ੍ਹਾਂ ਤੋਂ ਅਸੀਂ ਬਹੁਤ ਕੁਝ ਸਿਖ ਸਕਦੇ ਹਾਂ।

# ਫਾਇਦਾ (ਆਪ-ਬੀਤੀ)

**ਰਿਪਨਜੋਤ ਕੌਰ ਸੋਨੀ ਬੱਗਾ (ਭਾਰਤ)**

+91-9878753423



ਸੰਨ 2018 ਦਾ ਵਾਕਿਆ ਹੈ। ਮੈਂ ਜਦੋਂ ਪੰਜਾਬ ਦੇ ਇਕ ਆਰਮੀ ਸਕੂਲ ਵਿੱਚ ਨਵੀਂ ਨਵੀਂ ਪੜ੍ਹਾਉਣ ਆਈ, ਤਾਂ ਮੈਂ ਦੇਖਿਆ ਕਿ ਸਕੂਲ ਵਿੱਚ ਪੰਜਾਬੀ ਬੱਚੇ ਤਾਂ ਬਹੁਤ ਹਨ, ਪਰ ਪੰਜਾਬੀ ਵਿਸ਼ਾ ਨਹੀਂ ਪੜ੍ਹਾਇਆ ਜਾਂਦਾ। ਆਰਮੀ ਸਕੂਲਾਂ ਵਿੱਚ ਸਾਰੇ ਭਾਰਤ ਤੋਂ ਬੱਚੇ ਪੜ੍ਹਨ ਆਉਂਦੇ ਹਨ। ਹਰ ਵਾਰ ਮੇਰੀ ਜਮਾਤ ਦੀਆਂ ਕੁੜੀਆਂ ਮੇਰੇ ਨਾਲ ਖੁੱਲ੍ਹ ਜਾਂਦੀਆਂ ਹੁੰਦੀਆਂ ਨੇ । ਇਕ ਦਿਨ ਪੰਜਵੀਂ ਜਮਾਤ ਦੀਆਂ ਕੁੜੀਆਂ ਕਹਿਣ ਲੱਗੀਆਂ “ਮੈਡਮ ਅਸੀਂ ਅਗਲੇ ਸਾਲ ਛੇਵੀਂ ਤੋਂ ਪੰਜਾਬੀ ਪੜ੍ਹਨੀ ਹੈ, ਪਰ ਸਕੂਲ ਵਿਚ ਪੜ੍ਹਾਈ ਨਹੀਂ ਜਾਂਦੀ, ਸੰਸਕ੍ਰਿਤ ਪੜਨੀ ਪੈਂਦੀ ਹੈ।" ਮੈਂ ਕਿਹਾ ਇਸਦਾ ਵੀ ਕੋਈ ਹੱਲ ਲੱਭਦੇ ਹਾਂ, ਫਿਕਰ ਨਾ ਕਰੋ”।

ਭਾਵੇਂ ਸੀ ਬੀ ਐਸ ਸੀ ਸਕੂਲਾਂ ਵਾਸਤੇ ਕੇਂਦਰ ਸਰਕਾਰ ਵੱਲੋਂ ਇਹ ਨਿਯਮ ਸੀ ਕਿ ਜੇਕਰ ਭਾਰਤ ਦੇ ਕਿਸੇ ਵੀ ਰਾਜ ਵਿਚ ਕਿਸੇ ਵੀ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਇੱਕ ਜਮਾਤ ਵਿੱਚ 15 ਤੋਂ ਜ਼ਿਆਦਾ ਬੱਚੇ ਉਸ ਰਾਜ ਦੀ ਖੇਤਰੀ ਭਾਸ਼ਾ ਪੜ੍ਹਨੀ ਚਾਹੁੰਦੇ ਹੋਣ ਤਾਂ ਛੇਵੀਂ ਤੋਂ ਅੱਠਵੀਂ ਤੱਕ ਉਸ ਰਾਜ ਦੀ ਖੇਤਰੀ ਭਾਸ਼ਾ ਪੜ ਸਕਦੇ ਹਨ । ਉਸ ਰਾਜ ਦੀ ਭਾਸ਼ਾ ਸਕੂਲ ਵਿਚ ਪੜਾਈ ਜਾ ਸਕਦੀ ਹੈ। ਇਹ ਨੁਕਤਾ ਮੈਨੂੰ ਪਤਾ ਸੀ। ਮੈਂ ਬੱਚਿਆਂ ਨੂੰ ਪੰਜਾਬੀ ਵਿਸ਼ਾ ਪੜਾਉਣ ਬਾਰੇ ਬੱਚਿਆਂ ਵੱਲੋਂ ਦਿੱਤੀਆਂ ਅਰਜ਼ੀਆਂ ਲੈ ਕੇ ਸਬੰਧਤ ਸਕੂਲ ਦੇ ਪ੍ਰਿੰਸੀਪਲ ਸਾਹਿਬ ਕੋਲ ਗਈ ਅਤੇ ਉਹਨਾਂ ਨੂੰ ਸਾਰੀ ਗੱਲ ਤਰਕ ਸਹਿਤ ਪੂਰੇ ਵੇਰਵੇ ਦੇ ਕੇ ਸਮਝਾਈ। ਇਹ ਵੀ ਕਿਹਾ ਕਿ ਇਹ ਪੰਜਾਬ ਵਿਚ ਰਹਿਣ ਵਾਲੇ ਫੌਜੀਆਂ ਦੇ ਬੱਚਿਆਂ ਦੇ ਭਵਿੱਖ ਦਾ ਸੁਆਲ ਐ । ਇਨ੍ਹਾਂ ਵਿਚੋਂ ਕੁਝ ਨੇ ਪੰਜਾਬ ਵਿਚ ਵੀ ਨੌਕਰੀਆਂ ਕਰਨੀਆਂ ਹੋਣਗੀਆਂ, ਤਾਂ ਉਸ ਵਕਤ ਹੁਣ ਦੀ ਪੜ੍ਹੀ ਪੰਜਾਬੀ ਕੰਮ ਆਵੇਗੀ, ਸਾਰਿਆਂ ਤਾਂ ਨਹੀ ਫੌਜ ਵਿਚ ਭਰਤੀ ਹੋਣਾ । ਸਕੂਲ ਦੇ ਸਿਆਣੇ ਮੁਖੀ ਨੂੰ ਸਾਰੀ ਗੱਲ ਸਮਝਣ ਵਿਚ ਦੇਰ ਨਾ ਲੱਗੀ। ਉਹਨਾਂ ਨੇ 2019 ਵਿੱਚ ਸਕੂਲ ਵਿਚ ਹਰ ਕਲਾਸ ਵਿੱਚ ਪੰਜਾਬੀ ਪੜ੍ਹਾਉਣ ਦਾ ਇਕ ਅਲੱਗ ਸੈਕਸ਼ਨ ਬਣਾ ਦਿੱਤਾ। ਇਹ ਬਹੁਤ ਖੁਸ਼ੀ ਦੀ ਗੱਲ ਮੰਨੀ ਗਈ ਸਾਰੇ ਸਕੂਲ ਵਿੱਚ। ਕਾਫ਼ੀ ਲੋਕ ਖੁਸ਼ ਹੋ ਕੇ ਮੈਨੂੰ ਵਧਾਈਆਂ ਦੇ ਰਹੇ ਸਨ।

ਇਕ ਮੇਰੀ ਸਹੇਲੀ ਕਹਿੰਦੀ, "ਬੱਗਾ ਮੈਡਮ ਚੰਗਾ ਕੀਤਾ ਸਕੂਲ ਵਿੱਚ ਪੰਜਾਬੀ ਦਾ ਵਿਸ਼ਾ ਲਗਵਾ ਦਿੱਤਾ, ਪਰ ਇਸ ਵਿਚ ਸਾਨੂੰ ਕੀ ਫਾਇਦਾ ਹੋਣਾ", ਕਿਹੜਾ ਸਾਡੀ ਤਨਖਾਹ ਵੱਧ ਜਾਣੀ। ਠੀਕ ਹੈ ਪੈਸਾ ਸਾਡੀ ਜ਼ਰੂਰਤ ਹੈ ਪਤਾ ਨਹੀਂ ਅਸੀਂ ਹਰ ਚੀਜ਼ ਨੂੰ ਪੈਸੇ ਨਾਲ ਹੀ ਕਿਉਂ ਤੋਲਦੇ ਹਾਂ। ਹਰ ਸਾਲ ਢਾਈ ਸੌ ਤੋਂ ਵੱਧ ਬੱਚਿਆਂ ਨੇ ਸਕੂਲ ਵਿੱਚੋ ਪੰਜਾਬੀ ਵਿਸ਼ਾ ਪੜ੍ਹਕੇ ਨਿਕਲਣਾ ਸੀ । ਮੇਰੀ ਆਤਮਾ ਲਈ ਇਸ ਤੋਂ ਵੱਧ ਸੰਤੁਸ਼ਟੀ ਦੀ ਗੱਲ ਕੀ ਹੋ ਸਕਦੀ ਸੀ? ਜ਼ਿੰਦਗੀ ਵਿਚ ਕੁਝ ਗੱਲਾਂ ਪੈਸੇ ਤੋਂ ਉਪਰ ਵੀ ਹੁੰਦੀਆਂ ਹਨ, ਜਿਨ੍ਹਾਂ ਦਾ ਰੂਹਾਂ ਨਾਲ ਸਰੋਕਾਰ ਹੁੰਦਾ ਹੈ।

# ਪੰਜਾਬੀ ਭਾਸ਼ਾ ਦੀ ਬਣਤਰ

**ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)**

ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿਚ ਲਿਖਣ ਦਾ ਕੰਮ ਸ੍ਰੀ ਗੁਰੂ ਅੰਗਦ ਸਾਹਿਬ ਨੇ ਸ਼ੁਰੂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਗੁਰਬਾਣੀ ਗੁਰਮੁਖੀ ਵਿਚ ਹੋਣ ਨਾਲ "ਸ਼ਬਦ ਗੁਰੂ" ਦੀ ਸੋਚ ਸ਼ੁਰੂ ਹੋਈ। ਅੰਗਰੇਜ਼ੀ ਵਿਚ 26 ਪਰ ਗੁਰਮੁਖੀ ਵਿਚ 35 ਅੱਖਰ ਹਨ। ਇਹ ਸੱਤ ਲਾਈਨਾਂ ਵਿਚ ਹਨ ਅਤੇ ਹਰੇਕ ਵਿਚ ਪੰਜ ਅੱਖਰ ਹਨ। ਪਹਿਲੇ ਤਿੰਨ (ੳ, ਅ, ੲ) ਇਕੱਲੇ ਨਹੀਂ ਵਰਤੇ ਜਾਂਦੇ ਤੇ ਇਨ੍ਹਾਂ ਤੋਂ ਦਸ ਸਵੱਰ ਬਣਦੇ ਹਨ। ਬਾਕੀ ਵਿਅੰਜਨ ਹਨ। ਇਨ੍ਹਾਂ ਵਿਚੋਂ ਦੋ ( ਙ ਅਤੇ ਞ ) ਬਹੁਤ ਘਟ ਵਰਤੋਂ ਵਿਚ ਆਉਂਦੇ ਹਨ। ਗੁਰਮੁਖੀ ਦੇ 35 ਵਿਚੋਂ ਅੰਗਰੇਜ਼ੀ ਦੇ 26 ਲਈ ਬਰਾਬਰ ਦੇ ਅੱਖਰ ਮੌਜੂਦ ਹਨ। ਪਰ ਖ, ਘ, ਛ, ਝ, ਠ, ਧ, ਣ, ਥ, ਭ, ੜ, ਙ, ਞ ਲਈ ਅੰਗਰੇਜ਼ੀ ਵਿਚ ਅੱਖਰ ਨਹੀਂ ਮਿਲਦੇ। ਇਸ ਤਰਾਂ ਦੇ ਗੁਰਮੁਖੀ ਲਿਪੀ ਵਿਚ ਛੇ ਹੋਰ ਵਿਅੰਜਨ ਵੀ ਹਨ (ਸ਼, ਜ਼, ਖ਼, ਫ਼, .ਗ, .ਲ).

ਗੁਰਮੁਖੀ ਵਿਚ ਦਸ ਮਾਤ੍ਰਾਵਾਂ ਅਤੇ ਲਗਾਂ ਹੁੰਦੀਆਂ ਹਨ ਜੋ ਅੰਗਰੇਜ਼ੀ ਵਿਚ ਨਹੀਂ ਮਿਲਦੀਆਂ। ਇਹ ਹਨ ਕੰਨਾ (ਾ), ਸਿਹਾਰੀ (ਿ), ਬਿਹਾਰੀ (ੀ), ਔਂਕੜ ( ੁ ), ਦੁਲੈਂਕੜ ( ੂ ), ਲਾਂ ( ੇ ), ਦੁਲਾਵਾਂ ( ੈ ), ਹੋੜਾ ( ੋ ), ਕਨੌੜਾ ( ੌ ), ਜਿਨ੍ਹਾਂ ਨਾਲ ਕਿਸੇ ਸ਼ਬਦ ਦੀ ਆਵਾਜ਼ ਜਾਂ ਅਰਥ ਬਦਲ ਜਾਂਦਾ ਹੈ। ਆਵਾਜ਼ ਨੂੰ ਤਿਖਿਆਂ ਕਰਨ ਲਈ ਅੱਖਰਾਂ ਦੇ ਉਪਰ ਤਿੰਨ ਨਿਸ਼ਾਨੀਆਂ ਹਨ। ਬਿੰਦੀ ( ਂ ), ਟਿੱਪੀ ( ੰ ) ਤੇ ਅਧਕ ( ੱ )। ਬਿੰਦੀ ਤੇ ਟਿੱਪੀ ਤੋਂ ਛੋਟੀ ਜਾਂ ਲੰਬੀ (ਨਕ ਵਿਚੋਂ ਨਿਕਲਣ ਵਾਲੀ) ਆਵਾਜ਼ ਪੈਦਾ ਹੁੰਦੀ ਹੈ। ਪਰ ਅਧਕ ਨਾਲ ਸ਼ਬਦ ਦਾ ਅਰਥ ਬਦਲ ਜਾਂਦਾ ਹੈ। ਜਿਵੇਂ ਦਸ (10) ਅਤੇ 'ਦੱਸ' ਦੇ ਅਰਥ ਫਰਕ ਹਨ। ਰ, ਹ ਅਤੇ ਵ ਨੂੰ ਪੈਰਾਂ ਵਿਚ ਵੀ ਪਾਇਆ ਜਾਂਦਾ ਹੈ, ਜਿਵੇਂ ਪ੍ਰਬੰਧ, ਚਿਨ੍ਹ। ਈ (ਈੜੀ) ਤੇ ਊ ਗਲੇ ਵਿਚੋਂ, ਪਰ ਐ, ਆ ਤੇ ਔ ਨੂੰ ਮੂੰਹ ਦੇ ਅਗਲੇ ਹਿੱਸੇ ਤੋਂ ਬੋਲੀਦਾ ਹੈ। ਏ, ਅ (ਐੜਾ), ਇ, ੳ (ਊੜਾ) ਤੇ ਓ ਐਸੇ ਸਵਰ ਹਨ ਜੋ ਮੂੰਹ ਦੇ ਵਿਚਕਾਰੋਂ ਤਾਲੂ ਤੋਂ ਬੋਲਣੇ ਪੈਂਦੇ ਹਨ।

ਪੰਜਾਬੀ ਵਿਚ ਇਕੋ ਜਿਹੇ ਸ਼ਬਦਾਂ ਦੇ ਅਲਗ ਅਰਥ ਨਿਖੇੜਣ ਲਈ ਉਨ੍ਹਾਂ ਦਾ ਤਿੱਖਾਪਨ ਬਦਲ ਦਿੱਤਾ ਜਾਂਦਾ ਹੈ। ਇਸ ਲਈ ਤਿੰਨ ਕਿਸਮ ਦੀਆਂ ਆਵਾਜ਼ਾਂ ਮੌਜੂਦ ਹਨ। ਇਕ ਪਹਿਲੇ ਹੌਲੀ ਫਿਰ ਉਚੀ ਹੋ ਜਾਂਦੀ ਹੈ। ਦੂਜੀ ਲਗਭਗ ਬਰਾਬਰ ਰਹਿੰਦੀ ਹੈ। ਤੀਜੀ ਪਹਿਲੇ ਉਚੀ ਫਿਰ ਮੱਧਮ ਹੋ ਜਾਂਦੀ ਹੈ। ਕਈ ਸ਼ਬਦਾਂ ਦੇ ਨਾਲ ਰਲਦਾ ਮਿਲਦਾ ਹੋਰ ਸ਼ਬਦ (ਜਿਸ ਦਾ ਕੋਈ ਖ਼ਾਸ ਮਤਲਬ ਨਹੀਂ ਹੁੰਦਾ) ਜੋੜ ਕੇ ਬੋਲਿਆ ਜਾਂਦਾ ਹੈ ਜਿਵੇਂ ਰੋਟੀ - ਸ਼ੋਟੀ। ਕਈ ਵਾਰ ਦੂਜੇ ਸ਼ਬਦ ਦਾ ਪਹਿਲੇ ਨਾਲ ਸੰਬੰਧ ਵੀ ਹੁੰਦਾ ਹੈ, ਜਿਵੇਂ ਖਾਣਾ - ਪੀਣਾ, ਪੜ੍ਹਨਾ - ਲਿਖਣਾ। ਇਸ ਨਾਲ ਬੋਲਣ ਵਿਚ ਇਕ ਰਵਾਨਗੀ ਆਂਉਦੀ ਹੈ। ਹੁਣ ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਗੁਰਮੁਖੀ ਦੀਆਂ ਲਗਭਗ 50 ਲੱਖ ਪੁਰਾਤਨ ਲਿਖਤਾਂ ਨੂੰ ਡਿਜੀਟਲ ਰੂਪ ਵਿਚ ਸੰਭਾਲ ਲਿਆ ਹੈ।

# ਆਪਣੀ ਪ੍ਰਤਿਭਾ ਦੀ ਵਰਤੋਂ ਸਾਵਧਾਨੀ ਨਾਲ ਕਰੋ

**ਵਿਨੀਤ ਸਿੰਘ, ਅੰਮ੍ਰਿਤਸਰ (ਭਾਰਤ)**

ਪ੍ਰਤਿਭਾ ਨੂੰ ਰੱਬੀ ਦਾਤ ਕਿਹਾ ਜਾਂਦਾ ਹੈ। ਮਨੁੱਖ ਦੀ ਆਪਣੀ ਪ੍ਰਤਿਭਾ ਨੂੰ ਪਛਾਣਨ ਦੀ ਯੋਗਤਾ ਅਸਲ ਵਿੱਚ ਆਪਣੇ ਆਪ ਵਿੱਚ ਇੱਕ ਪ੍ਰਤਿਭਾ ਹੈ, ਕਿਉਂਕਿ, ਸਾਡੇ ਵਿੱਚੋਂ ਬਹੁਤੇ ਲੋਕ ਆਪਣੀ ਸੁਤੰਤਰ ਪ੍ਰਤਿਭਾ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਫਿਰ ਵੀ, ਪ੍ਰਤਿਭਾ ਵਿੱਚ ਆਪਣੇ ਆਪ ਨੂੰ ਪ੍ਰਦਰਸ਼ਿਤ ਕਰਨ ਦੀ ਇੱਕ ਅਨੋਖੀ ਯੋਗਤਾ ਹੁੰਦੀ ਹੈ ਅਤੇ ਇੱਕ ਵਾਰ ਜਦੋਂ ਇਹ ਪ੍ਰਤਿਭਾ ਲਗਾਤਾਰ ਕੋਸ਼ਿਸ਼ਾਂ ਦੁਆਰਾ ਪਾਲਿਸ਼ ਕੀਤੀ ਜਾਂਦੀ ਹੈ, ਤਾਂ ਇਹ ਇੱਕ ਨਿਪੁੰਨ ਕਲਾਕਾਰ ਨੂੰ ਜਨਮ ਦਿੰਦੀ ਹੈ ਜੋ ਵਿਸ਼ਵ ਨੂੰ ਹਿਲਾ ਦੇਣ ਲਈ ਆਤਮ-ਵਿਸ਼ਵਾਸ ਨਾਲ ਭਰਪੂਰ ਹੁੰਦਾ ਹੈ।

ਜਦੋਂ ਉਸ ਪ੍ਰਤਿਭਾ ਨੂੰ ਦੁਨੀਆ ਦੁਆਰਾ ਦੇਖਿਆ ਜਾਂਦਾ ਹੈ, ਤਾਂ ਇਹ ਉਸ ਵਿਅਕਤੀ ਦੀ ਪ੍ਰਸ਼ੰਸਾ ਵੱਲ ਅਗਵਾਈ ਕਰਦਾ ਹੈ ਅਤੇ ਉਸ ਨਿਰੰਤਰ ਪ੍ਰਸ਼ੰਸਾ ਦੀ ਆੜ ਵਿੱਚ ਪ੍ਰਸਿੱਧੀ ਨਾਮ ਦੀ ਇਕ ਹਸਤੀ ਛੁਪੀ ਹੁੰਦੀ ਹੈ। ਹੁਣ, ਪ੍ਰਸਿੱਧੀ ਇੱਕ ਅਜਿਹੀ ਨਸ਼ਾ ਕਰਨ ਵਾਲੀ ਹਸਤੀ ਹੈ ਕਿ ਇਹ ਕਿਸੇ ਦੀ ਪ੍ਰਤਿਭਾ ਨੂੰ ਘੋਖਣ ਨਾਲੋਂ ਬਹੁਤ ਜ਼ਿਆਦਾ ਅਨੰਦ ਦਿੰਦੀ ਹੈ। ਮੈਂ ਇੱਕ ਉਦਾਹਰਨ ਦਿੰਦਾ ਹਾਂ...ਜਦੋਂ ਕੋਈ ਅਣਜਾਣ ਅਤੇ ਉਭਰਦਾ ਗਾਇਕ ਆਪਣਾ ਗੀਤ ਗਾਉਣ ਵਾਲੇ ਕਮਰੇ ਵਿੱਚ ਗਾਉਂਦਾ ਹੈ, ਤਾਂ ਉਸ ਗੀਤ ਦੀ ਪੇਸ਼ਕਾਰੀ ਵਿੱਚ ਹੀ ਉਸ ਨੂੰ ਅਥਾਹ ਆਨੰਦ ਮਿਲਦਾ ਹੈ, ਪਰ, ਜਦੋਂ ਉਹੀ ਗਾਇਕ ਆਪਣੇ ਆਪ ਨੂੰ ਸਥਾਪਤ ਕਰਨ ਤੋਂ ਬਾਅਦ ਉਹੀ ਗੀਤ ਗਾਉਂਦਾ ਹੈ। ਪ੍ਰਸਿੱਧ ਗਾਇਕ, ਉਹ ਤਾੜੀਆਂ ਦੀ ਗੜਗੜਾਹਟ, ਉਸ ਦੇ ਨਾਲ ਪ੍ਰਸਿੱਧੀ ਅਤੇ ਉਸਦੇ ਸਰੋਤਿਆਂ ਦੁਆਰਾ ਦਿੱਤੇ ਗਏ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜ ਵਿੱਚ ਵਧੇਰੇ ਅਨੰਦ ਲੈਂਦਾ ਹੈ। ਪ੍ਰਸਿੱਧੀ ਅਸਲ ਵਿੱਚ ਵਿਨਾਸ਼ਕਾਰੀ ਨਹੀਂ ਹੈ, ਪਰ ਇੱਕ ਵਾਧੂ ਕਾਰਕ ਹੈ ਜਿੱਥੇ ਇੱਕ ਤਬਾਹੀ ਦੀ ਪ੍ਰਵਿਰਤੀ ਨੂੰ ਨਕਾਰਿਆ ਨਹੀਂ ਜਾ ਸਕਦਾ ਅਤੇ ਉਹ ਕਾਰਕ ਹੈ ਚਰਿੱਤਰ।

ਹਕੀਕਤ ਇਹ ਹੈ ਕਿ ਜਦੋਂ ਉਹ ਪ੍ਰਤਿਭਾ ਤੁਹਾਨੂੰ ਪ੍ਰਸਿੱਧੀ ਦੇ ਕਾਰਨ ਰੱਬ ਵਰਗਾ ਰੁਤਬਾ ਪ੍ਰਦਾਨ ਕਰਦੀ ਹੈ, ਤਾਂ ਬਹੁਤ ਸਾਰੇ ਲੋਕ ਤੁਹਾਡਾ ਪਿੱਛਾ ਕਰਨ ਲੱਗ ਪੈਂਦੇ ਹਨ, ਤੁਹਾਨੂੰ ਪਿਆਰ ਕਰਦੇ ਹਨ, ਤੁਹਾਡੇ ਮਗਰ ਲੱਗ ਜਾਂਦੇ ਹਨ, ਜਿਸ ਨਾਲ 'ਤੁਸੀਂ' ਇੱਕ ਵਿਸ਼ੇਸ਼ ਅਵਤਾਰ ਹੋਣ ਦੀ ਛਲ ਅਤੇ ਧੋਖੇਬਾਜ਼ੀ ਦੀ ਸਥਿਤੀ ਵਿੱਚ ਚਲੇ ਜਾਂਦੇ ਹੋ। ਪਰਮੇਸ਼ੁਰ ਦੇ ਇਸ ਭਾਵਨਾ ਦੇ ਵਿਚਕਾਰ, ਬਿਨਾਂ ਕਿਸੇ ਦੋਸ਼ ਦੀ ਭਾਵਨਾ ਦੇ ਧੋਖੇ ਦੀ ਪ੍ਰਵਿਰਤੀ ਤੁਹਾਡੇ ਚਰਿੱਤਰ ਨੂੰ ਤਿਲਕਾ ਦਿੰਦੀ ਹੈ।

ਵਿਡੰਬਨਾ ਇਹ ਹੈ ਕਿ ਪ੍ਰਤਿਭਾ ਅਤੇ ਪ੍ਰਸਿੱਧੀ ਨਾਲ ਉਸ ਪ੍ਰਤਿਭਾਸ਼ਾਲੀ ਮਨ ਅਤੇ ਉਸ ਦੇ ਸਰੋਤਿਆਂ ਦੇ ਮਨ 'ਤੇ ਇਸ ਹੱਦ ਤੱਕ ਬੱਦਲ ਛਾ ਜਾਂਦੇ ਹਨ ਕਿ ਨਾ ਤਾਂ ਉਸ ਪ੍ਰਤਿਭਾਸ਼ਾਲੀ ਵਿਅਕਤੀ ਦੁਆਰਾ ਅਤੇ ਨਾ ਹੀ ਉਸ ਦੇ ਸਰੋਤਿਆਂ ਦੁਆਰਾ ਕਿਸੇ ਵੀ ਪਾਤਰ ਦੀ ਫਿਸਲਣ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਕਿਉਂਕਿ ਦੋਵੇਂ ਹੀ ਇਸ ਦੇ ਪ੍ਰਭਾਵ ਹੇਠ ਪੂਰੀ ਤਰ੍ਹਾਂ ਡੁੱਬੇ ਅਤੇ ਭਿੱਜ ਜਾਂਦੇ ਹਨ। ਪ੍ਰਤਿਭਾ ਬਿਲਕੁੱਲ ਨਿਯਮਿਤ ਹੁੰਦੀ ਹੈ, ਅਤੇ ਉਸ ਪ੍ਰਤਿਭਾ ਦੇ ਪ੍ਰਭਾਵ ਵਿੱਚ ਭਿੱਜ ਕੇ, ਉਹ ਪ੍ਰਤਿਭਾਸ਼ਾਲੀ ਆਦਮੀ ਕਈ ਵਾਰ ਉਸ ਪੱਧਰ ਤੱਕ ਝੁਕ ਜਾਂਦਾ ਹੈ ਜੋ ਉਸ ਦੇ ਮਸ਼ਹੂਰ ਰੁਤਬੇ ਲਈ ਠੀਕ ਨਹੀਂ ਹੁੰਦਾ।

ਅਸੀਂ ਕੋਈ ਮਸ਼ਹੂਰ ਹਸਤੀਆਂ ਨਹੀਂ ਹਾਂ, ਪਰ ਕਈ ਵਾਰ ਕੁਝ ਖਾਸ ਪ੍ਰਤਿਭਾ ਅਤੇ ਕੁਝ ਪ੍ਰਸਿੱਧੀ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦੀ ਹੈ। ਆਓ ਉਨ੍ਹਾਂ ਮਸ਼ਹੂਰ ਹਸਤੀਆਂ ਤੋਂ ਸਿੱਖੀਏ, ਜੋ ਪ੍ਰਤਿਭਾ ਵਿੱਚ ਤਾਂ ਵਧੇ ਪਰ ਪ੍ਰਸਿੱਧੀ ਅਤੇ ਚਰਿੱਤਰ ਨੂੰ ਸੰਭਾਲਣ ਵਿੱਚ ਬੁਰੀ ਤਰ੍ਹਾਂ ਕਮਜ਼ੋਰ ਹੋ ਗਏ।

ਆਪਣੀ ਪ੍ਰਤਿਭਾ ਦਾ ਜਸ਼ਨ ਮਨਾਓ, ਪਰ ਇਸ ਜਸ਼ਨ ਦੇ ਵਿਚਕਾਰ, ਇਸਨੂੰ ਪ੍ਰਮਾਤਮਾ ਦਾ ਤੋਹਫ਼ਾ ਮੰਨਦੇ ਰਹੋ ਕਿਉਂਕਿ ਜਦੋਂ ਤੁਸੀਂ ਇਹ ਵਿਸ਼ਵਾਸ ਕਰਦੇ ਹੋ, ਤਾਂ ਤੁਸੀਂ ਪ੍ਰਸਿੱਧੀ ਅਤੇ ਚਰਿੱਤਰ ਨੂੰ ਸੰਭਾਲਣ ਵਿੱਚ ਨਹੀਂ ਝਿਜਕੋਗੇ। ਪ੍ਰਮਾਤਮਾ ਨੇ ਆਪਣੀ ਪ੍ਰਤਿਭਾ ਦੀ ਬੇਤਰਤੀਬ ਵੰਡ ਵਿੱਚ, ਤੁਹਾਨੂੰ ਕੁਝ ਪ੍ਰਤਿਭਾ ਦਿੱਤੀ ਹੈ। ਤੁਹਾਡੀ ਪ੍ਰਤਿਭਾ ਤੁਹਾਨੂੰ ਰੱਬ ਦੇ ਵਿਸ਼ੇਸ਼ ਅਵਤਾਰ ਵਿੱਚ ਨਹੀਂ ਬਦਲਦੀ। ਰੱਬ ਇੱਕ ਖਾਸ ਦਿਨ 'ਤੇ ਇੱਕ ਦਿਆਲੂ ਮੂਡ ਵਿੱਚ ਸੀ ਜਦੋਂ ਕੁਝ ਪ੍ਰਤਿਭਾਵਾਂ ਤੁਹਾਡੀ ਗੋਦ ਵਿੱਚ ਆ ਗਈਆਂ। ਉਸ ਦਿਨ ਨੇ ਤੁਹਾਨੂੰ ਖਾਸ ਬਣਾ ਦਿੱਤਾ। ਤੁਸੀਂ ਆਪਣੀ ਵਿਸ਼ੇਸ਼ ਯੋਗਤਾ ਦੇ ਕਾਰਨ ਵਿਸ਼ੇਸ਼ ਨਹੀਂ ਹੋਏ।

ਸ਼ੁਹਰਤ ਨੂੰ ਸਮਝਦਾਰੀ ਨਾਲ ਅਤੇ ਚਰਿੱਤਰ ਨੂੰ ਸਨਮਾਨ ਨਾਲ ਸੰਭਾਲਣਾ ਸਭ ਤੋਂ ਵੱਡੀ ਪ੍ਰਤਿਭਾ ਹੈ, ਜੋ ਕਿ ਪ੍ਰਤਿਭਾ ਤੋਂ ਕਿਤੇ ਉੱਪਰ ਹੈ। ਔਸਟਿਨ ਕਲੀਓਨ ਦੁਆਰਾ ਹੇਠਾਂ ਦਿੱਤਾ ਹਵਾਲਾ ਬਹੁਤ ਸੁੰਦਰਤਾ ਨਾਲ ਜੋੜਦਾ ਹੈ, 'ਜੇ ਤੁਹਾਨੂੰ ਕਦੇ ਪਤਾ ਲੱਗਦਾ ਹੈ ਕਿ ਤੁਸੀਂ ਕਮਰੇ ਵਿੱਚ ਸਭ ਤੋਂ ਪ੍ਰਤਿਭਾਸ਼ਾਲੀ ਵਿਅਕਤੀ ਹੋ, ਤਾਂ ਤੁਹਾਨੂੰ ਕੋਈ ਹੋਰ ਕਮਰਾ ਲੱਭਣ ਦੀ ਲੋੜ ਹੈ'।



# ਇਕਸਾਰਤਾ ਲਈ ਜ਼ਰੂਰੀ ਗੱਲਾਂ

## GUIDELINES for UNIFORMITY

(For Authors / Poets)

1. ਸਿਰਫ਼ "ਅਨਮੋਲ ਲਿਪੀ" (ਸਾਦੀ) ਵਿਚ 12 ਸਾਈਜ਼ ਦੇ ਅੱਖਰ ਹੀ ਵਰਤੇ ਜਾਣ ਜੀ।
2. ਟਾਈਟਲ ਅਤੇ ਲੇਖਕ ਦੇ ਨਾਮ "ਅਨਮੋਲ ਲਿਪੀ" (ਸਾਦੀ) ਵਿਚ 14 ਸਾਈਜ਼ ਬੋਲਡ ਕਰੋ।
3. For English, Times New Roman (12- point font) may only be used.
4. ਨਾਮ ਦੇ ਨਾਲ ਲੇਖਕ ਦਾ ਸ਼ਹਿਰ ਅਤੇ ਬ੍ਰੈਕਟ ਵਿਚ ਮੁਲਕ ਦਾ ਨਾਮ ਜ਼ਰੂਰ ਦਿਓ ਜੀ।
   (ਫੋਨ ਨੰਬਰ / ਵੱਟਸਐਪ ਨੰਬਰ ਜਾਂ ਈ-ਮੇਲ ਅਡ੍ਰੈਸ ਦੇਣਾ ਜ਼ਰੂਰੀ ਨਹੀਂ ਹੈ।)
5. ਜਿਸ ਈ-ਮੇਲ ਦੇ ਨਾਲ ਲੇਖ ਜਾਂ ਕਵਿਤਾ ਭੇਜੋ ਉਸ ਵਿਚ ਹੇਠ ਲਿਖਿਆ ਹੋਵੇ ਜੀ :
   "This Article/Poem is my own and Nobody has any Copyright on it".
6. ਬਿਨਾ ਨਾਮ, ਪਤੇ ਤੇ ਉਪਰਲੇ ਸਰਟੀਫਿਕੇਟ ਦੇ ਕੁਛ ਵੀ ਛਾਪਿਆ ਨਹੀਂ ਜਾ ਸਕਦਾ।
7. ਐਡੀਟੋਰੀਅਲ ਬੋਰਡ (ਮੁਖ ਸੰਪਾਦਕ ਅਤੇ ਸੰਪਾਦਕੀ ਮੰਡਲ) ਕਿਸੇ ਲੇਖ/ਕਵਿਤਾ ਵਿਚ ਦਿਤੇ ਵਿਚਾਰਾਂ ਦੀ ਜ਼ਿਮੇਵਾਰੀ ਨਹੀਂ ਲਵੇਗਾ। ਵਿਚਾਰਾਂ ਲਈ ਲੇਖਕ / ਕਵੀ ਖੁਦ ਜ਼ਿਮੇਵਾਰ ਹੋਣਗੇ।
8. ਲੇਖਕ ਕਿਸੇ ਧਰਮ, ਰਾਜਨੀਤਿਕ ਪਾਰਟੀ, ਸੰਸਥਾ ਜਾਂ ਵਿਅਕਤੀ ਦੇ ਵਿਰੁੱਧ ਨਾ ਲਿਖਣ।
9. ਗੁਰਬਾਣੀ ਰੈਫਰੈਂਸ ਦੇਣ ਲਈ ਇਕੋ ਤਰਾਂ "ਮਹਲਾ, ਰਾਗੁ, ਅੰਗ" ਦੀ ਤਰਤੀਬ ਰਖੋ ਜੀ।
10. ਹਰੇਕ ਲੇਖ / ਕਵਿਤਾ ਸਿਰਫ Word (Spacing 1.0) ਵਿਚ ਹੀ ਹੋਵੇ (pdf ਵਿਚ ਨਹੀਂ).
11. ਰਚਨਾਵਾਂ ਅਨਮੋਲ ਲਿਪੀ ਵਿਚ ਹੀ ਟਾਈਪ ਕਰ ਕੇ ਭੇਜੋ (ਹੋਰ ਕਿਸੇ ਲਿਪੀ ਵਿਚ ਨਹੀਂ)
12. 'Snipping Tool', 'Print-Screen' or Photocopy ਕੀਤੀ ਲਿਖਤਾਂ ਨਾ ਭੇਜੋ ਜੀ।
13. ਲੇਖਕ / ਕਵੀ ਚਾਹੁਣ ਤਾਂ ਆਪਣੀ ਰਚਨਾ ਦੇ ਨਾਲ ਆਪਣੀ ਫੋਟੋ ਵੀ ਭੇਜ ਸਕਦੇ ਹਨ।
14. ਲੇਖਕਾਂ ਨੂੰ ਬੇਨਤੀ ਹੈ ਕਿ ਲੇਖ ਦੇ ਅਖੀਰ ਵਿਚ ਹਵਾਲਾ (References) ਜ਼ਰੂਰ ਦਿਓ ਜੀ।
15. ਲੇਖ / ਕਵਿਤਾ / ਫੋਟੋ ਭੇਜਣ ਲਈ: https://sanjhivirasat.org/submissions/

## ਸੰਪਾਦਕੀ ਮੰਡਲ


ਡਾ. ਰਾਜਾ ਬਲਰਾਜ ਸਿੰਘ


ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿਸੀਪਲ ਮਨਮੋਹਨ ਕੌਰ


ਡਾ. ਰਾਜਬੀਰ ਸਿੰਘ ਭੱਟੀ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖੋਂ